ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ
# Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੧੬ ਜਿਲਦ ੩੧ ੧੧-੧੭ ਮਾਰਚ ੨੦੨੧, ੨੮ ਫੱਗਣ-੪ ਚੇਤਰ ੨੦੭੭ ਨਾਨਕਸ਼ਾਹੀ ਸੰਮਤ ੫੫੩
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 16 Volume 31, 11 - 17 March, 2021
Yearly Subscription India 250/-, Abroad 2500/- and Life Membership India 2500/-, Abroad 25000/-

# ਵਿਸਮਾਦੁ

❖ **ਭਾਈ ਸਾਹਿਬ ਭਾਈ ਵੀਰ ਸਿੰਘ**

ਅਸਚਰਜ ਹੈ! ਕਾਲੀ ਬੋਲੀ ਰਾਤ ਕਿੱਧਰ ਗਈ? ਇਹ ਚਿੱਟਾ ਚਾਨਣਾ ਕਿਧਰੋਂ ਆ ਗਿਆ? ਵਾਹ ਵਾ!

ਵਿਸਮਾਦ! ਹੈ,

ਹੈਂ, ਇਹ ਪੂਰੇ ਵਲੋਂ ਲਾਲੀ-ਭਖ ਕੇਹੀ? ਏਸ ਨੀਲੇ ਸਰਪੋਸ਼ ਨੂੰ ਕੌਣ ਸੁਨਹਿਰੀ ਕਰ ਗਿਆ? ਆਹ, ਹਾ, ਕਿਆ ਸੁਆਦਦਾਰ ਤੇ ਸ਼ਾਨਦਾਰ ਨਜ਼ਾਰਾ ਹੈ, ਵਾਹ ਵਾ!

ਅਦਭੁਤ! ਹੈ,

ਕੇਹੀ ਗੋਲ ਗੋਲ ਚਾਨਣੇ ਦੀ ਡਲ੍ਹਕਦੀ ਟਿੱਕੀ ਅਸਮਾਨ ਤੇ ਧਰਤੀ ਦੀ ਸੰਨ੍ਹ ਵਿਚੋਂ ਨਿਕਲ ਰਹੀ ਹੈ, ਕੈਸਾ ਅਦਭੁਤ ਦਰਸ਼ਨ ਹੈ, ਰੰਗ ਹੈ, ਰੂਪ ਹੈ, ਤੇਜ ਹੈ, ਮਸਤੀ ਦੀ ਫੁਹਾਰ ਹੈ, ਸੁਹੱਪਣ ਦਾ ਫੁਟਾਲਾ ਹੈ, ਵਾਹ ਵਾ!

ਪਰਮ ਅਦਭੁਤ! ਹੈ,

ਟਿੱਕੀ ਦਾ ਕਿਵੇਂ ਤੇਜ ਵਧ ਗਿਆ? ਪੰਘਰੇ ਹੋਏ ਸੋਨੇ ਦੀਆਂ ਡਲ੍ਹਕਾਂ ਵਾਲੀ ਟਿੱਕੀ ਹੈ ਕਿ ਪ੍ਰਕਾਸ਼ ਦਾ ਲਹਿਰਾਉ ਹੈ, ਅਚਰਜੋ ਅਚਰਜ ਵਧ ਗਏ, ਅਸਚਰਜ ਦਾ ਅਨੂਠਾ ਚੜ੍ਹਦਾ ਜੋਬਨ ਹੈ, ਡਲ੍ਹਕ ਦਰ ਡਲ੍ਹਕ, ਲਿਸ਼ਕਾਰ ਦਰ ਲਿਸ਼ਕਾਰ: ਵਾਹ ਵਾ!

ਪਰਮ ਪਰਮਾਦਭੁਤ! ਹੈ,

ਚਾਨਣੇ, ਤੇਜ, ਗਰਮੀ, ਸੁਹਾਉ ਡਲ੍ਹਕ ਦਰ ਡਲ੍ਹਕ ਵਿਚੋਂ ਲਾਸਾਂ ਛੁੱਟੀਆਂ, ਅਚਰਜ ਹੱਦੋਂ ਟੱਪ ਗਿਆ। ਕਿਰਨਾਂ ਖਿੱਲਰੀਆਂ, ਜਗ-ਮਗ ਕਿਰਨਾਂ ਫੈਲੀਆਂ; ਅਕਾਸ਼, ਧਰਤ ਪੁਲਾੜ ਨੂਰ ਨਾਲ ਭਰ ਗਏ, ਕਿਸ ਗੰਭੀਰਤਾ ਨਾਲ ਕਿਸ ਗਜ ਗਮਨੀ ਚਾਲ ਨਾਲ, ਲਾਲ ਲਾਲ, ਡਲ੍ਹਕਦਾਰ, ਝਲਕਦਾਰ, ਆਬਦਾਰ, ਨਸ਼ੇਦਾਰ, ਨਖ਼ਰੇਦਾਰ ਢਾਲ ਨਾਲ ਟਿੱਕੀ ਉੱਚੀ ਚੜ੍ਹੀ ਆਉਂਦੀ ਹੈ। ਪਰਮ ਅਦਭੁਤ ਤੋਂ ਪਰਮਾਦਭੁਤ ਹੋ ਗਿਆ।

ਵਾਹ ਵਾਹ, ਵਿਸਮਾਦ ਦਾ ਸੁਆਦ ਆ ਗਿਆ, ਦਰਸ਼ਨ ਹੈ ਕਿ ਨਿਰਾ ਬਿਸਮਾਦ ਹੈ।

ਹਾਂ, ਭਈ 'ਬਿਸਮਾਦ' ਜਦ ਝਲਕਾਰਾ ਮਾਰੇ ਤਾਂ ਏਹੋ ਕੁਛ ਕਰ ਦੇਂਦਾ ਹੈ। ਦੇਖੋ ਭਾਈ ਗੁਰਦਾਸ ਜੀ ਨੂੰ ਬਿਸਮਾਦ ਨੇ ਲਿਸ਼ਕਾਰਾ ਮਾਰਿਆ ਮਸਤ ਹੋ ਗਏ, ਅਮਸਤ ਹੋ ਗਏ, ਮਗਨ ਹੋ ਗਏ, ਅਮਗਨ ਹੋ ਗਏ। ਫੇਰ ਉਸ ਦਾ ਪਤਾ ਐਉਂ ਦਿਤਾ:-

"ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ ਬੁਧ ਕੀ ਨ ਬੁਧ ਰਹੀ ਮਤਿ ਮੈ ਨ ਮਤਿ ਹੈ॥ ਸੁਰਤਿ ਮੈਂ ਨ ਸੁਰਤਿ ਔ ਧਯਾਨ ਮੈ ਨ ਧਯਾਨ ਰਹਯੋ ਗਯਾਨ ਮੈਂ ਨ ਗਯਾਨ ਰਹਯੋ ਗਤਿ ਮੈ ਨ ਗਤਿ ਹੈ। ਧੀਰਜ ਕੋ ਧੀਰਜ ਗਰਬ ਕੋ ਗਰਬ ਗਯੋ ਰਤਿ ਮੈਂ ਨ ਰਤਿ ਰਹੀ ਪਤਿ ਰਤਿ ਪਤਿ ਹੈ। ਅਦਭੁਤ ਪਰਮਦਭੁਤ ਬਿਸਮੈ ਬਿਸਮ ਅਸਚਰਜੈ ਅਸਚਰਜ ਅਤਿ ਅਤਿ ਹੈ।" (ਕਬਿਤ ਭਾ. ਗੁ.)

ਭਾਈ ਗੁਰਦਾਸ ਜੀ ਦਾ ਦਰਸ਼ਨ ਬੜਾ ਉੱਚਾ ਹੈ, ਬਿਸਮਾਦ ਦਾ ਰੂਪ ਜੋ ਆਪ ਨੇ ਕਥਨ ਕੀਤਾ ਹੈ, ਪੂਰਨ ਬਿਸਮਾਦ ਦਾ ਹੈ, ਜੋ ਇਲਾਹੀ ਸੁੰਦਰਤਾ ਦੇ ਜਲਵੇ ਤੋਂ ਉਨ੍ਹਾਂ ਉਤੇ ਪਿਆ। ਸੁੰਦਰਤਾ ਦਾ ਇਕ ਝਲਕਾ ਜੋ ਮਾਰ ਕਰ ਸਕਦਾ ਹੈ ਉਸ ਦੇ ਸੁਆਦਲੇ ਘਾਉ, ਰਸ ਭਰੇ ਅਸਰ ਤੇ ਮਗਨਤਾਈਆਂ ਦਾ ਵਰਣਨ ਏਹੋ ਹੈ।

ਜੇ ਕੋਈ ਪੁੱਛੇ ਕਿ ਸੂਰਜ ਤਾਂ ਰੋਜ਼ ਚੜ੍ਹਦਾ ਹੈ, ਸੂਰਜ ਚੜ੍ਹੇ ਤੇ ਕੀ ਬਿਸਮਾਦ? ਠੀਕ ਹੈ, ਸੱਜਣਾਂ! ਜਮਾਂਦਰੂ ਹਨੇਰੀ ਕੋਠੜੀ ਵਿਚ ਪਲਦੌਂ, ਜੁਆਨ ਕਰਕੇ ਤੜਕਸਾਰ ਪੂਰੇ ਵਲ ਮੂੰਹ ਕਰਕੇ ਤੈਨੂੰ ਖੜਾ ਕਰ ਦਿਤਾ ਜਾਂਦਾ, ਫੇਰ ਜੇ ਸੂਰਜ ਦਾ ਹੀ ਦਰਸ਼ਨ ਬਿਸਮਾਦ ਵਿਚ ਬੇਸੁਧ ਨਾ ਕਰ ਦੇਂਦਾ ਤਾਂ ਪੁੱਛਦੇ। ਜਾਂ ਭਾਈ, ਪੁਛ ਸ੍ਰਿਸ਼ਟੀ ਦੇ ਸਭ ਤੋਂ ਪਹਿਲੇ ਮਨੁੱਖ ਨੂੰ, ਕਿ ਸੂਰਜ ਪ੍ਰਕਾਸ਼ ਦੇ ਪਹਿਲੇ ਦਰਸ਼ਨ ਨੇ ਉਸ ਨੂੰ ਕੀ ਲਹਿਰਾ ਦਿੱਤਾ ਸੀ।

ਹੁਣ ਮਨੁੱਖ ਸਿਆਣਾ ਹੋ ਗਿਆ, ਅਕਲੱਈਆ ਹੋ ਗਿਆ, ਗਿੱਝ ਗਿਆ। ਖਿੜੀ ਰਾਤ ਦੇ ਅੰਬਰ ਦਾ ਅਸਚਰਜ ਨੀਲ ਉਸ ਦੇ ਦਿਲ ਉਤੇ ਅਚਰਜਤਾ ਦੀ ਸੱਟ ਨਹੀਂ ਮਾਰਦਾ, ਛਟਕੀ ਤਾਰਿਆਂ

ਅੰਦਰ...........


- ☐ ਜਿਸੁ ਆਸਣਿ ਹਮ ਬੈਠੇ... 3
- ☐ **ਸੰਤ ਬਿਮਲਾ ਸਿੰਘ:** ਕ੍ਰਿਤਾਰਥ ਜੀਵਨ 5
- ☐ Sikhs in Greece 7
- ☐ ਨਾਨਕਸ਼ਾਹੀ ਸੰਮਤ 553 9
- ☐ 100 ਸਾਲ ਪਹਿਲਾਂ: ਸਿੱਖ ਗੁਰਦੁਆਰਿਆਂ ਲਈ ਕਾਨੂੰਨ 10
- ☐ ਸ਼ਬਦ ਵਿਆਖਿਆ 11
- ☐ ਰਿਪੋਰਟ: ਪ੍ਰੋ. ਹਰਬੰਸ ਸਿੰਘ ਦੀ ਜਨਮ-ਸ਼ਤਾਬਦੀ 'ਤੇ ਲੈਕਚਰ 12

ਜੜ੍ਹੀ ਰਾਤ ਹੈਰਾਨੀ ਵਿਚ ਨਹੀਂ ਲੈ ਉਡਦੀ, ਚਾਂਦਨੀ ਉਸ ਨੂੰ ਸਿਫ਼ਤ ਸਲਾਹ ਵਿਚ ਨਹੀਂ ਡੋਬਦੀ, ਸੂਰਜ ਦਾ ਉਦੇ ਹੋਣਾ ਉਸ ਨੂੰ ਬਿਸਮਾਦ ਵਿਚ ਨਹੀਂ ਪਾਉਂਦਾ, ਬਿਜਲੀ ਦੀ ਲਿਸ਼ਕ ਤੇ ਕੜਕ ਉਸ ਨੂੰ ਮਨ ਹਰਨੇ ਅਦਭੁਤ ਵਿਚ ਨਹੀਂ ਲੈ ਜਾਂਦੀ। ਅੱਗ ਰੋਜ਼ ਬਾਲਦਾ ਹੈ, ਪਰ ਕਦੇ ਹੈਰਤ ਵਿਚ ਨਹੀਂ ਆਇਆ ਕਿ ਇਹ ਕੀ ਹੈ? ਚੱਲਦੇ ਪਾਣੀ, ਡਿੱਗਦੇ ਪਾਣੀ, ਅਡੋਲ ਸ਼ਾਂਤ ਖੜੇ ਪਾਣੀ, ਉੱਬਲਦੇ ਪਾਣੀ ਉਸ ਨੂੰ ਭਚਿੱਤ੍ਰੀ (ਅਚਰਜ) ਵਿਚ ਨਹੀਂ ਪਾਉਂਦੇ। ਕਿਉਂ? ਮਨੁੱਖ ਦਾਨਾ ਹੋ ਗਿਆ ਹੈ, ਪੜ੍ਹਾਕੂ ਹੋ ਗਿਆ ਹੈ, ਖੋਜੀ ਹੋ ਗਿਆ ਹੈ, ਮਨੁੱਖ ਹਰ ਗਲ ਦਾ ਕਾਰਨ ਲੱਭਦਾ ਹੈ। ਬਿਸਮਾਦ ਉਦੈ ਕਰਨ ਵਾਲੀਆਂ ਅਕਹਿ ਸ਼ਕਤੀਆਂ ਦੇ ਨਾਉਂ ਧਰਦਾ ਹੈ ਤੇ ਥੋੜੀ-ਜੇਹੀ ਪੜਚੋਲ ਕਰਕੇ ਉਸ ਦਾ ਲਾਲ ਬੁਝੱਕੜ ਬਣਦਾ ਹੈ। ਇਉਂ ਕਰਕੇ ਉਸਦੇ ਵਿਸਮਾਦ ਰਸ ਤੋਂ ਟੁੱਟ ਕੇ ਉਸ ਦਾ ਗਜਾਤਾ ਬਣ ਬੈਠਦਾ ਹੈ। ਆਹੋ ਜੀ, ਮਨੁੱਖ ਹਿਸਾਬੀ ਹੋ ਗਿਆ, ਲੇਖੇਦਾਰ ਹੋ ਗਿਆ, ਗੇਣਤੀਆਂ ਵਾਲਾ ਹੋ ਗਿਆ, ਪਰ ਮਾਰਿਆ ਗੇਣਤੀਆਂ ਨੇ; ਗਿਣਦਾ ਗਿਣਦਾ ਆਪ ਗੇਣਤੀ ਹੀ ਹੋ ਗਿਆ, ਰਸ ਤੋਂ ਹੀਨ 'ਅਰਸੀਆ' ਹੋ ਗਿਆ, ਸੁਆਦ ਤੋਂ ਵਾਂਜਿਆ ਗਿਆ, ਬੇਖ਼ੁਦੀ ਦੀ ਲਹਿਰ ਤੋਂ ਸੱਖਣਾ ਹੋ ਗਿਆ, ਕਿਉਂਕਿ ਇਹ ਨੇਮ ਹੈ ਕਿ:-

ਗੇਣਤੀ ਆਈ, ਰਸ ਸੁਆਦ ਗਏ।<br>ਬਿਸਮਾਦ ਆਯਾ ਰਸਾਂ ਦੇ ਕੜ ਪਾਟ ਪਏ।

ਭਲਾ, ਮਨੁੱਖ ਸੱਚ ਮੁੱਚ ਜਾਣ ਗਿਆ ਹੈ? ਬਈ ਵੱਡੇ ਤੋਂ ਵੱਡੇ ਸੰਸਾਰ ਦੇ ਦਾਨੇ ਨੂੰ ਪੁੱਛੋ ਕਿ ਅੱਗ ਕਿਉਂ ਚਮਕਦੀ ਹੈ, ਕਿਉਂ ਸਾੜਦੀ ਹੈ? ਬਿਜਲੀ ਕੀ ਹੈ? ਇਸ ਦੀਆਂ ਲਹਿਰਾਂ ਕਿਉਂ ਐਦਾਂ ਪੈਂਦੀਆਂ ਹਨ? ਕੋਈ ਨਾ ਦੱਸ ਸਕੇਗਾ। ਅਜੇ ਤੱਕ ਮਨੁੱਖ ਅਨਜਾਣ ਹੈ, ਇਸ ਨੇ ਬਹੁਤ ਕੁਛ ਜਾਣਿਆ ਹੈ, ਪਰ ਜੋ ਇਸ ਨੇ ਜਾਣਿਆ ਹੈ ਉਸ ਨੇ ਅਜੇ ਇਸ ਨੂੰ ਅਜਾਣ ਹੀ ਰਖਿਆ ਹੈ। ਅਜੇ ਏਸ ਨੂੰ ਅਸਲ ਕਾਰਨਾਂ ਦੇ ਕਾਰਣ ਦਾ ਪਤਾ ਨਹੀਂ ਤੇ ਵਿਸਮਾਦ ਦੇ ਮਗਰ ਬੈਠੇ ਦਾ ਥਹੁ ਨਹੀਂ। ਏਸ ਤਾਂ ਗੇਣਤੀਆਂ ਵਿਚ ਪੈਕੇ ਕੁਛ ਕੁਦਰਤ ਦੇ ਭੇਤ ਕੱਢਕੇ ਕੁਛ ਜਾਣਿਆ ਹੈ, ਪਰ ਲਾਲ ਬੁਝੱਕੜ ਬਣਕੇ ਵਿਸਮਾਦ ਰੰਗ ਗੁਆਕੇ ਮਾਨੋ ਆਪਣੇ ਅਦਨ ਦੇ ਬਾਗ ਵਿਚੋਂ ਧੱਕਾ ਖਾਧਾ ਹੈ; ਬੈਕੁੰਠ ਤੋਂ ਗਿੜਾਉ ਪਾਇਆ ਹੈ। (ਸੰਸਾਰ ਦੇ ਸਭ ਤੋਂ ਪਹਿਲੇ ਮੰਨੇ ਜਾਂਦੇ ਇਨਸਾਨ 'ਆਦਮ' ਵਲ ਇਸ਼ਾਰਾ ਜਾਪਦਾ ਹੈ ਜਿਸ ਨੂੰ ਅਨਾਜ ਖਾਣ ਦੇ ਦੋਸ਼ ਵਿਚ ਬੈਕੁੰਠ ਦੇ ਅਦਨ ਨਾਮ ਦੇ ਬਾਗ਼ ਵਿਚੋਂ ਧੱਕੇ ਮਾਰ ਕੇ ਕੱਢ ਦਿੱਤਾ ਸੀ।

ਹੁਣ ਬਿਸਮਾਦ ਇਨਸਾਨ ਨੂੰ ਕਿਵੇਂ ਬਿਸਮਾਦ ਕਰੇ? ਸੋਚ ਵਿਚ ਜੁ ਦਿਨ ਰਾਤ ਫਸ ਗਿਆ। ਕੁਦਰਤ ਦੇ ਚਮਤਕਾਰ ਰੋਜ਼ ਤੱਕੀਦੇ ਹਨ, ਬਿਸਮਾਦ ਕਦੇ ਨਹੀਂ ਹੁੰਦਾ, ਪਰ ਵੇਖੋ ਓਹ ਜੀਉਂਦਾ ਤੇ ਜਿੰਦ ਦਾਤਾ ਦਿਲ, ਜੋ ਕਦੇ ਗੇਣਤੀਆਂ ਨਾਲ ਨਹੀਂ ਢੱਠਾ, ਸਗੋਂ ਢੱਠਿਆਂ ਨੂੰ ਤੁਲ੍ਹਾ ਦੇਂਦਾ ਹੈ, ਜੋ ਦਿਲਾਂ ਦਾ ਸਰਦਾਰ ਦਿਲ ਹੈ ਇਸ ਬਿਸਮੈ ਭਾਵ ਨੂੰ ਕੀਕੂੰ ਕੁਦਰਤ ਦੇ ਹਰ ਚਮਤਕਾਰ ਵਿਚ ਵੇਖਦਾ ਤੇ ਸਾਨੂੰ ਦੱਸਦਾ ਹੈ:-

ਵਿਸਮਾਦੁ ਨਾਦ ਵਿਸਮਾਦੁ ਵੇਦ॥ ਵਿਸਮਾਦੁ ਜੀਅ ਵਿਸਮਾਦੁ ਭੇਦ॥<br>ਵਿਸਮਾਦੁ ਰੂਪ ਵਿਸਮਾਦੁ ਰੰਗ॥ ਵਿਸਮਾਦੁ ਨਾਗੇ ਫਿਰਹਿ ਜੰਤ॥<br>ਵਿਸਮਾਦੁ ਪਉਣੁ ਵਿਸਮਾਦੁ ਪਾਣੀ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ॥<br>ਵਿਸਮਾਦੁ ਧਰਤੀ ਵਿਸਮਾਦੁ ਖਾਣੀ॥ ਵਿਸਮਾਦੁ ਸਾਦਿ ਲਗਹਿ ਪਰਾਣੀ॥<br>ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ॥ ਵਿਸਮਾਦੁ ਭੁਖ ਵਿਸਮਾਦੁ ਭੋਗੁ॥<br>ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ॥ ਵਿਸਮਾਦੁ ਉਝੜ ਵਿਸਮਾਦੁ ਰਾਹ॥<br>ਵਿਸਮਾਦੁ ਨੇੜੈ ਵਿਸਮਾਦੁ ਦੂਰਿ॥ ਵਿਸਮਾਦੁ ਦੇਖੈ ਹਾਜਰਾ ਹਜੂਰਿ॥<br>ਵੇਖਿ ਵਿਡਾਣੁ ਰਹਿਆ ਵਿਸਮਾਦੁ॥ ਨਾਨਕ ਬੁਝਣੁ ਪੂਰੈ ਭਾਗਿ॥੧॥

ਹਾਂ ਜੀ, ਇਹ ਸੁੱਚੇ, ਉੱਚੇ ਸੱਚੇ ਨੇਤ੍ਰਾਂ ਵਾਲਾ ਇਸ ਕੁਦਰਤ ਦੇ ਚਮਤਕਾਰ ਨੂੰ ਵਿਡਾਣ (ਅਚਰਜੋ ਅਚਰਜ) ਵੇਖਕੇ ਵਿਸਮਾਦ ਹੋ ਰਿਹਾ ਹੈ। ਹਾਂ ਜੀ: ਤੇ ਇਸ ਵਿਡਾਣ ਨੂੰ ਵਿਸਮਾਦ ਕਰਕੇ ਦੇਖਣਾ, ਇਸ ਵਿਸਮਾਦ ਦੇ ਉੱਚੇ ਰੰਗ ਨੂੰ ਸਮਝਣਾ ਭਾਗ ਭਰੀ ਨਿਸ਼ਾਨੀ ਸਾਨੂੰ ਦੱਸਦਾ ਹੈ।

ਉਹ ਦਿਲ ਸੋਚ, ਗੇਣਤੀ, ਫ਼ਿਕਰ ਦੇ ਭਾਵ ਤੋਂ ਸੁਤੰਤ੍ਰ ਹੈ, ਜਿਸ ਨੂੰ ਇਹ ਕੁਦਰਤ ਦੇ ਨਜ਼ਾਰੇ ਵੇਖਕੇ ਵਿਡਾਣ ਹੋ ਜਾਏ। ਓਹ ਸੁਭਾਗ ਹੈ ਜਿਸ ਨੇ ਦਰਸ਼ਨ ਪਾਏ, ਸੁੰਦਰਤਾ ਦੇ ਝਾਕੇ ਲਏ ਤੇ ਵਿਸਮਾਦ ਵਿਚ ਰਹਿ ਗਿਆ।

ਸਰੀਰ ਦੇ ਅੰਦਰ ਲੁਕੇ ਬੈਠੇ 'ਦੇਖਣਹਾਰ' ਦਾ ਇਸ (ਦਿਸਣਹਾਰ) ਚਮਤਕਾਰਿਆਂ ਵਿਚ ਲੁਕੀ ਬੈਠੀ ਸੁੰਦਰਤਾ ਦਾ ਕੋਈ ਗੁੱਝਾ ਮੇਲ ਹੈ। ਸੁੰਦਰਤਾ ਨੇ ਝਲਕਾ ਮਾਰਿਆ, ਦੇਖਣਹਾਰ ਨੂੰ ਵਿਸਮਾਦ ਦਾ ਚੱਕਰ ਆ ਗਿਆ। ਵਿਸਮਾਦ ਦਾ ਚੱਕਰ ਆਇਆ ਕਿ ਆਪੇ ਵਿਚ ਮਗਨ। ਮਗਨਤਾ ਆਈ ਕਿ 'ਦ੍ਰਿਸ਼ਟਮਾਨ' ਨਾਲ ਨੇਹੁੰ ਟੁੱਟਾ। ਦ੍ਰਿਸ਼ਟਮਾਨ ਦਾ ਨੇਹੁੰ ਟੁੱਟਾ ਕਿ ਆਪਾ ਆਪੇ ਵਿਚ ਤੇ ਅਨੰਤ ਦੀ ਗੋਦ ਵਿਚ ਛਾਲ ਮਾਰਨ ਨੂੰ ਤਜਾਰ ਯਾ ਛਾਲ ਵੱਜ ਹੀ ਗਈ।

ਹਾਂ ਜੀ, ਏਹੋ ਸਮਾਧੀ ਜੇ, ਜਿਸ ਦੇ ਮਗਰ ਜੋਗੀਆਂ ਦੇ ਜੁੱਗ ਗਲ ਗਏ ਤੇ ਤਪੀਆਂ ਹੱਠੀਆਂ ਦੇ ਕਲਪ ਲੰਘ ਗਏ। 'ਸੋਚ' ਨੇ ਗਜਾਨੀ, ਤਜਾਗੀ, ਵੈਰਾਗੀ, ਜਪੀ, ਤਪੀ ਕਈ ਰੂਪ ਧਾਰੇ, ਕਈ ਹੱਥ ਪੈਰ ਮਾਰੇ, ਪਰ ਇਸਨੂੰ ਆਪਣੇ ਆਪ ਵਿਚ, 'ਆਪੇ' ਨੂੰ 'ਆਪਾ' ਕਰਨੇ ਵਾਲੀ ਰੰਗਣ ਨਾ ਚੜ੍ਹੀ ਪਰ ਨਾ ਚੜ੍ਹੀ; ਇਹ ਤਾਂ 'ਰਸ' ਦੀ ਸ਼ੈ ਸੀ 'ਸੋਚ' ਦੀ ਸ਼ੈ ਨਹੀਂ ਸੀ, 'ਸੋਚ' ਰਸ ਨੂੰ ਤੋੜਕੇ ਗੇਣਤੀ ਵਿਚ ਪਾਉਂਦੀ ਹੈ, ਫੇਰ ਲੋੜਾਂ ਤੇ ਸਰੀਰਕ ਭੁੱਖਾਂ ਲਾਲਚ ਵਿਚ ਲੈ ਤੁਰਦੀਆਂ ਹਨ। ਫੇਰ ਲਾਲਚ ਵਿਚ ਪੈ ਗਿਆਂ ਲੈ ਲੈਣ ਦੀ ਬ੍ਰਿਤੀ ਵਿਚ ਲੋਭ ਦਾ ਸੁਆਦ ਆਉਂਦਾ ਹੈ। ਹੁਣ ਇਸ ਹਾਲਤ ਵਿਚ ਜੇ ਕਦੇ ਮਨ ਉਤੇ ਸੁੰਦਰਤਾ ਨੇ ਝਲਕਾ ਮਾਰਿਆ ਬੀ ਤਾਂ ਜਿਉਂ ਹੀ ਕਿ ਬਿਸਮੈ ਭਾਵ ਉਦੈ ਹੋਣ ਲੱਗਾ, ਝੱਟ ਸੋਚ ਨੇ ਅੰਦਰੋਂ ਕਿਹਾ: "ਜਿਸ ਵਿਚੋਂ ਇਹ ਸੁੰਦਰਤਾ ਪ੍ਰਗਟੀ ਹੈ, ਇਹ ਸੁਹਣਾ ਹੈ, ਇਸ ਨੂੰ ਫੜ ਲਓ, ਲੈ ਲਓ, ਆਪਣੇ ਕਾਬੂ ਵਿਚ ਕਰੋ", ਇਹ 'ਲੈ ਲੈਣ' ਦੀ ਤ੍ਰਿਸ਼ਨਾ ਬਿਸਮੈ ਭਾਵ ਵਿਚ ਜਾਣ ਵਾਲੀ ਬ੍ਰਿਤੀ ਨੂੰ ਮੋਟਿਆਂ ਕਰਦੀ ਹੈ। ਲੋਭ ਲਹਿਰ ਆਈ, ਸੋਚ ਮੋਟੀ ਹੋ ਗਈ, ਵਿਸਮੈ ਭਾਵ ਪੰਘਰਕੇ ਤਿਲਕਿਆ ਤੇ ਤਿਲਕਦਿਆਂ ਤਿਲਕਦਿਆਂ ਮਾਨੋਂ ਭਾਫ ਬਣਕੇ ਉੱਡ ਗਿਆ। ਐਉਂ ਜਗਤ-ਦਾਨਾ ਜਗਤ, ਸੋਚ ਵਾਲਾ ਜਗਤ-ਵਿਸਮਾਦ ਨਹੀਂ ਹੁੰਦਾ; ਵਿਸਮਾਦ ਨਹੀਂ ਰਹਿ ਜਾਂਦਾ, ਵਿਡਾਣਾ ਵੇਖਦਾ ਹੈ ਪਰ ਵਿਸਮਾਦ ਵਿਚ ਨਹੀਂ ਜਾਂਦਾ। ਸੋਚ ਇਸ ਵਿਚ ਨਹੀਂ ਜਾਣ ਦੇਂਦੀ, ਤ੍ਰਿਸ਼ਨਾ ਇਸ ਵਿਚ ਜਾਂਦੇ ਨੂੰ ਬਾਹੋਂ ਫੜ ਲੈਂਦੀ ਹੈ।

-**ਗੁਰੂ ਨਾਨਕ ਚਮਤਕਾਰ, ਭਾਗ** 1, ਅਧਿ-46

✧ ✧ ✧ ✧ ✧

# ਜਿਸੁ ਆਸਣਿ ਹਮ ਬੈਠੇ

❖ ਵਰਿੰਦਰ ਸਿੰਘ ਵਾਲੀਆ

ਚੇਤ ਮਹੀਨੇ ਸਾਰੀ ਕਾਇਨਾਤ ਖਿੜ ਜਾਂਦੀ ਹੈ। ਇਕੱਲੀ ਧਰਤੀ ਨਹੀਂ, ਸਗੋਂ ਅੰਬਰ ਵੀ ਮੌਲਦਾ ਹੈ। ਕਣ-ਕਣ ਮਹਿਕਦਾ ਹੈ :

**ਮਉਲੀ ਧਰਤੀ ਮਉਲਿਆ ਅਕਾਸੁ॥**
**ਘਟਿ ਘਟਿ ਮਉਲਿਆ ਆਤਮ ਪ੍ਰਗਾਸੁ॥** (ਅੰਗ ੧੧੯੩)

ਨਾਨਕਸ਼ਾਹੀ ਕੈਲੰਡਰ ਮੁਤਾਬਿਕ ਚੇਤ ਮਹੀਨਾ, ਨਵੇਂ ਸਾਲ ਦਾ ਆਗਾਜ਼ ਹੈ। ਬਸੰਤ ਦਾ ਮੌਸਮ ਹੋਣ ਕਰਕੇ ਕੋਇਲਾਂ ਵਸਲ ਦੇ ਗੀਤ ਗਾਉਂਦੀਆਂ ਹਨ- 'ਪਿਆ ਅੰਬੀਆਂ ਨੂੰ ਬੂਰ ਸੀ ਕਿ ਕੋਇਲ ਕੂਕ ਪਈ!' ਪੱਤਝੜ ਤੋਂ ਬਾਅਦ ਬਹਾਰ ਆਵੇ ਤਾਂ ਖੁਸ਼ਬੋ ਨਾਲ ਚੁਫੇਰਾ ਨਸ਼ਿਆ ਜਾਂਦਾ ਹੈ। ਬਾਰਹਮਾਹ ਵਿਚ ਚੇਤ ਮਹੀਨੇ ਦਾ ਗੁਣਗਾਣ ਅੰਕਿਤ ਹੈ :

**ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥** (ਅੰਗ ੧੩੩)

ਕੁਦਰਤ ਦੇ ਖਿੜਾਓ ਦਾ ਜ਼ਿਕਰ ਪੰਜਾਬੀ-ਕਾਵਿ ਵਿਚ ਖ਼ੂਬ ਮਿਲਦਾ ਹੈ। ਬਿਰਹਾ ਦਾ ਸੁਲਤਾਨ, ਸ਼ਿਵ ਕੁਮਾਰ ਬਟਾਲਵੀ ਚੇਤ ਮਹੀਨੇ ਨੂੰ 'ਜੋਬਨ ਰੁੱਤ' ਮੰਨਦਾ ਹੈ। ਚੇਤ ਮਹੀਨਾ ਦਰਅਸਲ ਮਿਲਾਪ ਵਾਲੀ ਰੁੱਤ ਹੈ। ਲੰਮੀ ਇੰਤਜ਼ਾਰ ਤੋਂ ਬਾਅਦ ਵਸਲ ਦਾ ਮਜ਼ਾ ਕਿਰਕਿਰਾ ਹੋ ਜਾਂਦਾ ਹੈ। ਕੁਵੇਲੇ ਦੇ ਮਿਲਾਪ ਬਾਰੇ ਸ਼ਿਵ ਲਿਖਦਾ ਹੈ :

ਕਿਥੇ ਸਉ ਜਦ ਅੰਗ ਅੰਗ ਸਾਡੇ
ਰੁੱਤ ਜੋਬਨ ਦੀ ਮੌਲੀ
ਕਿਥੇ ਸਉ ਜਦ ਤਨ ਮਨ ਸਾਡੇ
ਗਈ ਕਥੂਰੀ ਘੋਲੀ
ਕਿਥੇ ਸਉ ਜਦ ਸਾਹ ਵਿਚ ਚੰਬਾ
ਚੇਤਰ ਬੀਜਣ ਆਏ

ਚੇਤ, ਸਾਹਾਂ ਵਿਚ ਚੰਬਾ ਬੀਜਣ ਵਾਲਾ ਮਹੀਨਾ ਹੈ। ਇਸ ਰੰਗ-ਰੰਗੀਲੀ ਰੁੱਤ ਬਾਰੇ ਲਿਖਦਿਆਂ **ਪ੍ਰਾਇਮਰੀ ਸਿੱਖਿਆ** ਦਾ ਸੰਪਾਦਕ, ਸਰਬਜੀਤ ਬੇਦੀ ਭਾਵੁਕ ਹੋ ਜਾਂਦਾ ਹੈ :

"ਬਨਸਪਤੀ ਦੇ ਮੌਲਣ ਵਿਗਸਣ ਦੀ ਰੁੱਤ ਹੈ, ਹਰੀਆਂ ਕਚੂਰ ਕਰੂੰਬਲਾਂ ਤੇ ਸੂਹੀਆਂ ਪੱਤੀਆਂ ਨੇ ਰੌਣਕ ਲਾਈ ਹੋਈ ਹੈ। ਅੰਬਾਂ ਨੂੰ ਬੂਰ ਪੈ ਗਿਆ, ਅੰਬਾਂ ਹੇਠਾਂ ਖ਼ੁਸ਼ਬੂ ਹੈ, ਅੰਬੀਆਂ ਦੀ ਮਹਿਕ ਹੈ। ਕੁਝ ਦਿਨਾਂ ਨੂੰ ਧਰੇਕਾਂ ਕਾਸ਼ਨੀ ਫੁੱਲਾਂ ਨਾਲ ਭਰ ਜਾਣਗੀਆਂ..ਮੌਲਣ ਵਿਗਸਣ ਦੀ ਰੁੱਤੇ, ਮਨ ਦੀ ਕਿਆਰੀ ਬੀਜੋ, ਗੁੱਡੋ, ਤਨ ਮਨ ਖਿੜੇ।

ਵਿਛੋੜੇ ਦਾ ਸੱਲ ਸਹਿ ਰਹੇ ਲੋਕਾਂ ਲਈ ਇਹ ਰੁੱਤ ਪਤਝੜ ਸਮਾਨ ਹੈ :

**ਨਾਨਕ ਤਿਨਾ ਬਸੰਤੁ ਹੈ ਜਿਨੁ ਘਰਿ ਵਸਿਆ ਕੰਤੁ॥**
(ਅੰਗ ੭੯੧)

ਇਸ ਰੁੱਤ ਨੂੰ ਨਾਬੀਨੇ ਵੀ ਮਾਣ ਸਕਦੇ ਹਨ। ਮਨ ਮੌਲਿਆ ਹੋਵੇ ਤਾਂ ਬਸੰਤ ਨੂੰ ਬੰਦ ਅੱਖਾਂ ਨਾਲ ਵੀ ਮਾਣਿਆ ਜਾ ਸਕਦਾ ਹੈ। ਮੈਂ ਕਹਿਤਾ ਆਂਖਨ ਦੇਖੀ ਵਿਚ ਓਸ਼ੋ ਲਿਖਦਾ ਹੈ ਕਿ 'ਕਿਸੇ ਅੰਨ੍ਹੇ ਬਾਰੇ ਤਸੱਵਰ ਕੀਤਿਆਂ ਜਾਪਦਾ ਹੈ ਜਿਵੇਂ ਉਸ ਨੂੰ ਹਨੇਰਾ ਹੀ ਦਿਸਦਾ ਹੋਵੇਗਾ। ਨਹੀਂ, ਇਹ ਸਾਡਾ ਭੁਲੇਖਾ ਹੈ। ਹਨੇਰਾ ਦੇਖਣ ਲਈ ਵੀ ਅੱਖ ਜ਼ਰੂਰੀ ਹੈ। ਅੱਖ ਬਿਨਾਂ ਹਨੇਰਾ ਵੀ ਨਹੀਂ ਦਿਸਦਾ। ਕਿੰਨੀ ਕਮਾਲ ਦੀ ਖ਼ਿਆਲ ਉਡਾਰੀ ਹੈ ! ਚੰਗੇ ਦਿਨ ਹੋਣ ਤਾਂ ਧਰਤੀ-ਅੰਬਰ, ਸਭ ਕੁਝ ਮੌਲਿਆ ਲੱਗਦਾ ਹੈ। ਨਾਬੀਨੇ ਦੇ ਮਨ ਦੀਆਂ ਅੱਖਾਂ ਖੁੱਲ੍ਹ ਜਾਂਦੀਆਂ ਹਨ ਜਦੋਂ ਕਿ ਹਾਰੇ-ਟੁੱਟੇ ਨੂੰ ਹਨੇਰਾ ਹੀ ਹਨੇਰਾ ਦਿਸਦਾ ਹੈ। ਅਕਾਲੀ-ਭਾਜਪਾ ਸਰਕਾਰ ਦਾ ਸਹੁੰ-ਚੁੱਕ ਸਮਾਗਮ ਨਾਨਕਸ਼ਾਹੀ ਜੰਤਰੀ ਦੇ 'ਨਵੇਂ ਸਾਲ' ਵਾਲੇ ਦਿਨ ਰੱਖਿਆ ਗਿਆ ਸੀ। ਜੇਤੂਆਂ ਲਈ ਇਸ ਤੋਂ ਵੱਧ ਸ਼ੁਭ ਦਿਹਾੜਾ ਕਿਹੜਾ ਹੋ ਸਕਦਾ ਸੀ ? ਹਾਰਿਆਂ ਨੂੰ ਤਾਂ ਚਾਰ ਚੁਫੇਰੇ ਥੋਹਰਾਂ ਜਾਂ ਕਿੱਕਰਾਂ ਤੋਂ ਵੱਧ ਕੁਝ ਨਹੀਂ ਦਿਸਦਾ।

ਲੋਕਤੰਤਰ ਵਿਚ ਤਖ਼ਤ ਤੇ ਬੈਠਣ ਲਈ ਕਈ ਪੌੜੀਆਂ ਚੜ੍ਹਨੀਆਂ ਪੈਂਦੀਆਂ ਹਨ। ਤਾਜ ਵਿਚ ਫੁੱਲਾਂ ਨਾਲ ਕੰਡੇ ਵੀ ਜੁੜੇ ਹੁੰਦੇ ਹਨ। ਪਹਿਲੇ ਸਮਿਆਂ ਵਿਚ ਬਾਉਲੀਆਂ (ਪੌੜੀਦਾਰ ਖੂਹਾਂ) ਦਾ ਰਿਵਾਜ ਸੀ। ਪਿਆਸ ਬੁਝਾਉਣ ਲਈ ਧਰਤੀ ਹੇਠਾਂ ਬਹੁਤ ਨੀਵਾਂ ਉਤਰਨਾ ਪੈਂਦਾ ਸੀ। ਅੱਜ-ਕੱਲ੍ਹ ਪਾਣੀ ਦੀ ਸਤਹ ਡੂੰਘੀ ਹੋਣ ਕਰਕੇ ਬਾਉਲੀਆਂ ਖੰਡਰ ਬਣ ਚੁੱਕੀਆਂ ਹਨ। ਇਨ੍ਹਾਂ ਦੀਆਂ ਪੌੜੀਆਂ ਹੁਣ ਕੋਈ ਨਹੀਂ ਉਤਰਦਾ। ਵੋਟਾਂ ਤੋਂ ਬਾਅਦ ਹਾਸ਼ੀਏ ਤੋਂ ਹੇਠਾਂ ਵਾਲੇ ਲੋਕ ਇਨ੍ਹਾਂ ਬਾਉਲੀਆਂ ਵਾਂਗ ਲੱਗਦੇ ਹਨ। ਤਖ਼ਤ ਦੀਆਂ ਪੌੜੀਆਂ ਚੜ੍ਹਨ ਤੋਂ ਬਾਅਦ ਬਾਉਲੀਆਂ ਦਾ ਰਾਹ ਭੁੱਲ ਜਾਂਦਾ ਹੈ। ਜਿਹੜੇ ਨਹੀਂ ਭੁੱਲਦੇ, ਉਹ ਰਾਜ-ਭਾਗ ਭੋਗਦੇ ਰਹਿੰਦੇ ਹਨ। ਹਉਮੈ ਨੂੰ ਮਾਰਨ ਵਾਲਾ ਨੀਵਾਂ ਨਹੀਂ ਸਗੋਂ ਉੱਚਾ ਸਮਝਿਆ ਜਾਂਦਾ ਹੈ। ਗੁਰਬਾਣੀ ਦਾ ਫ਼ੁਰਮਾਨ ਹੈ :

**ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥**
(ਅੰਗ ੪੭੦)

ਜੋ ਵਸਤ ਤੱਕੜੀ ਦੇ ਪੱਲੜੇ ਵਿਚ ਤੋਲੀ ਜਾਵੇ ਤਾਂ ਨੀਵਾਂ ਪਾਸਾ ਭਾਰਾ ਹੁੰਦਾ ਹੈ। ਹਰਿਮੰਦਰ ਸਾਹਿਬ ਦੀ ਤਾਮੀਰ ਵੇਲੇ ਉਹ ਸੁਹਾਵਾਂ ਥਾਂ ਚੁਣਿਆ ਗਿਆ, ਜੋ ਧਰਤੀ ਦੇ ਤਲ ਨਾਲੋਂ ਕਾਫ਼ੀ ਨੀਵਾਂ ਸੀ। ਸਰੋਵਰ ਵਿੱਚੋਂ ਅੰਮ੍ਰਿਤ ਦੀ ਚੁਲੀ ਲੈਣ ਲਈ ਹੋਰ ਨੀਵਾਂ ਜਾਣਾ ਪੈਂਦਾ ਹੈ। ਭਗਤ ਕਬੀਰ ਫ਼ੁਰਮਾਉਂਦੇ ਹਨ :

**ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ ॥**
**ਹਰੂਏ ਹਰੂਏ ਤਿਰਿ ਗਏ ਡੂਬੇ ਜਿਨ ਸਿਰ ਭਾਰ॥**
(ਅੰਗ ੧੩੬੬)

ਇਸ 'ਕਚੀ ਚੋਲੀ' (ਬਿਨਸਨਹਾਰ ਦੇਹ) ਦਾ ਰੰਗ ਕਸੁੰਭੜੇ

# ਕੁਦਰਤ ’ਚ ਫੁੱਲਾਂ ਦੀ ਰੰਗਬਿਰੰਗੀ ਦੁਨੀਆ

ਫੁੱਲਾਂ ਦੀ ਰੰਗਬਿਰੰਗੀ ਦੁਨੀਆ ’ਚੋਂ ਗੁਲਦਾਊਦੀਆਂ ਨਾਲ ਭਾਈ ਵੀਰ ਸਿੰਘ ਦਾ ਖ਼ਾਸ ਲਗਾਓ ਸੀ। ਫੱਗਣ-ਚੇਤ ਮਹੀਨੇ ਵਿਚ ਬਸੰਤ ਰੁੱਤੇ ਖਿੜੀਆਂ ਗੁਲਦਾਊਦੀਆਂ ਤੇ ਵੰਨ-ਸੁਵੰਨੇ ਫੁੱਲ ਜਿੱਥੇ ਫ਼ਿਜ਼ਾ ਨੂੰ ਮਹਿਕਾਉਂਦੇ ਹਨ ਉੱਥੇ ਮਨੁੱਖ ਨੂੰ ਕੁਦਰਤ ਦੀ ਨੇੜਤਾ ਦਾ ਅਹਿਸਾਸ ਵੀ ਕਰਾਉਂਦੇ ਹਨ। ਕੁਦਰਤ ਦੀ ਨੇੜਤਾ ਦਾ ਇਹ ਅਹਿਸਾਸ ਜਦ ਕਲਮ ਰਾਹੀਂ ਕਾਗਜ਼ ਦੀ ਸਤ੍ਹਾ ’ਤੇ ਰੂਪ ਗ੍ਰਹਿਣ ਕਰਦਾ ਹੈ ਤਾਂ ਮਹਿਕਾਂ ਲੱਦੀ ਸ਼ਾਇਰੀ ਦਾ ਆਗਾਜ਼ ਹੁੰਦਾ ਹੈ। ਭਾਈ ਸਾਹਿਬ ਦੁਆਰਾ ਰਚਿਤ ਬਹੁਤੀ ਸ਼ਾਇਰੀ ’ਚੋਂ ਸਾਨੂੰ ਕੁਦਰਤ ਦੇ ਸੁਹੱਪਣ ਦੇ ਦੀਦਾਰ ਹੁੰਦੇ ਹਨ। ਇਸ ਪ੍ਰਸੰਗ ’ਚ ਕਵਿਤਾ ‘ਵਰਜਿਤ ਵਾੜੀ’ ਦੀਆਂ ਹੇਠ ਲਿਖੀਆਂ ਸਤਰਾਂ ਪੇਸ਼ ਹਨ:-

ਖਿੜੇ ਚਮਨ ਵਿਚ ਆ ਕੇ ਡਿੱਠਾ:  
ਵੰਨੋ ਵੰਨੀ ਰੰਗ ਰੰਗਾ,  
ਜੋਬਨ ਭਰੇ ਫੁੱਲ ਪਏ ਝੂੰਮਣ  
ਡਾਲੀ ਪੱਤੇ ਰੂਪ ਲਗਾ।  
ਤੱਕ ਤੱਕ ਅੱਖ ਮੋਹਿਤ ਹੁੰਦੀ,  
ਮਨ ਪਿਆ ਪੈਂਦਾ ਲੋਭ ਲੁਭਾ।  
ਜੱਫੀਆਂ ਪਾਂਦੀ ਪੌਣ ਪਿਆਰੀ  
ਆ ਆ ਲੱਗਦੀ ਕਰੇ ਸੁਹਾਂ। **(ਬਿਜਲੀਆਂ ਦੇ ਹਾਰ)**




ਪੰਨਾ 3 ਦੀ ਬਾਕੀ

ਵਾਂਗ ਕੱਚਾ ਹੈ। ਆਖ਼ਰਕਾਰ ਸਭ ਨੇ ਇਸ ਜਹਾਨ ਤੋਂ ਰੁਖ਼ਸਤ ਹੋਣਾ ਹੈ। ਬਸੰਤ-ਬਹਾਰ ਵਿਚ ਸੰਗੀਤਮਈ ਬੋਲ ਇਹੋ ਸੁਨੇਹਾ ਦਿੰਦੇ ਹਨ। ਸਾਰੀ ਕਾਇਨਾਤ ਆਪਣੀ ਹਜ਼ੂਰੀ ਵਿਚ ਬੈਠੀ ਕੋਈ ਇਲਾਹੀ ਵਾਕ ਲੈਂਦੀ ਪ੍ਰਤੀਤ ਹੁੰਦੀ ਹੈ। ਕੁਦਰਤ ਦੇ ਇਸ ਖਿੜਾਓ ਨੂੰ ਹਿਰਦੇ ਵਿਚ ਵਸਾਉਣਾ ਕਿਸੇ ਕਿਸੇ ਨੂੰ ਆਉਂਦਾ ਹੈ। ਖਿੜਿਆ ਮਨ ਹੀ ਇਸ ਤਬੱਸੁਮ (ਬਿਨਾਂ ਆਵਾਜ਼ ਤੋਂ ਹੱਸਣ) ਦਾ ਨਜ਼ਾਰਾ ਲੈ ਸਕਦਾ ਹੈ। ਇਸ ਰੁੱਤੇ ਕਾਦਰ ਤੇ ਉਸ ਦੀ ਕੁਦਰਤ ਨੂੰ ਭੁੱਲਣ ਵਾਲਾ ਕਈ ਰੋਗਾਂ ਦਾ ਸ਼ਿਕਾਰ ਹੋ ਜਾਂਦਾ ਹੈ (“ਵਿਆਪਨਿ ਸਭੇ ਰੋਗ”)।

ਸਿੰਘਾਸਣ ਅਤੇ ਕੁਰਸੀਆਂ ਵਿਚ ਵੀ ਕੁਦਰਤ ਦਾ ਭੇਤ ਲੁਕਿਆ ਹੋਇਆ ਹੈ। ਚੇਤਰ ਦੇ ਮਹੀਨੇ ਭਾਵੇਂ ਸਾਰੀ ਕਾਇਨਾਤ ਸੁਹਾਗਣ ਲੱਗੇ, ਪਰ ਮੋਇਆਂ ਹੋਇਆਂ ਦੀ ਕੋਈ ਬਾਤ ਨਹੀਂ ਪੁੱਛਦਾ (ਮੁਇਆ ਸਾਰ ਨ ਕਾਈ)। ਜੰਗਲ ਵਿੱਚੋਂ ਕੱਟੀ ਲੱਕੜ ਜਦੋਂ ਕੁਰਸੀਆਂ ਮੇਜ਼ਾਂ ਦੀ ਜੂਨੇ ਪੈ ਜਾਵੇ ਤਾਂ ਉਨ੍ਹਾਂ ਤੇ ਬਹਾਰ ਦਾ ਕੋਈ ਅਸਰ ਨਹੀਂ ਪੈਂਦਾ। ਕੱਟੀ ਹੋਈ ਲੱਕੜ ਕਦੇ ਨਹੀਂ ਮੌਲਦੀ-ਜੱਗ ਜਿਉਂਦਿਆਂ ਦੇ ਮੇਲੇ। ਸੁਰਜੀਤ ਪਾਤਰ ਦੀ ਗ਼ਜ਼ਲ ਦੇ ਸ਼ਿਅਰ ਵਿੱਚੋਂ ਕੱਟੇ-ਵੱਢੇ ਰੁੱਖਾਂ ਦੀ ਦਾਸਤਾਨ ਪੜ੍ਹੀ ਜਾ ਸਕਦੀ ਹੈ :

ਉਹ ਫੇਰ ਕਦੀ ਹੋ ਕੇ ਹਰੇ ਝੂਮ ਸਕੇ ਨਾ  
ਉਹ ਬਿਰਖ ਕਿ ਜੋ ਕੁਰਸੀਆਂ ਦੀ ਜੂਨ ਪਏ ਨੇ

ਕਈ ਚੇਤ ਮਹੀਨੇ ਆਉਣਗੇ ਤੇ ਬੀਤ ਜਾਣਗੇ ਪਰ ਕੁਰਸੀਆਂ, ਮੇਜ਼ਾਂ ਵਿੱਚੋਂ ਕੋਈ ਕਰੂੰਬਲ ਨਹੀਂ ਫੁੱਟਣ ਵਾਲੀ। ਜੇ ਕੋਈ ਫੁੱਟਣੀ ਹੈ ਤਾਂ ਉਹ ਦਿਲਾਂ ਵਿੱਚੋਂ ਹੀ ਫੁੱਟੇਗੀ, ਜਿਸ ਦੀ ਖ਼ੁਸ਼ਬੂ ਨਾਲ ਆਲਾ-ਦੁਆਲਾ ਨਸ਼ਿਆ ਜਾਵੇਗਾ। ਵੰਝਲੀ ਫਿਰ ਵੀ ਆਪਣੇ ਵਿਛੜੇ ਹੋਏ ਜੰਗਲ ਦੀ ਨੁਮਾਇੰਦਗੀ ਕਰਦੀ ਹੈ :

ਜਿਸ ਨਾਲੋਂ ਮੈਨੂੰ ਚੀਰ ਕੇ ਵੰਝਲੀ ਬਣਾ ਲਿਆ  
ਵੰਝਲੀ ਦੇ ਰੂਪ ਵਿਚ ਮੈਂ ਉਸ ਜੰਗਲ ਦੀ ਚੀਕ ਹਾਂ

ਵੰਝਲੀ ਵਾਂਗ, ਕੁਰਸੀਆਂ ਜਾਂ ਸਿੰਘਾਸਣ ਬੋਲਦੇ ਨਹੀਂ, ਡੋਲਦੇ ਜ਼ਰੂਰ ਹਨ। ਉਹ ਤਾਂ ਰਿਆਸਤ ਤੇ ਸਿਆਸਤ ਦੇ ਮੂਕ ਦਰਸ਼ਕ ਹੁੰਦੇ ਹਨ। ਉਨ੍ਹਾਂ ’ਤੇ ਬੈਠਣ ਵਾਲੇ ਇਤਿਹਾਸ ਰਚਦੇ ਹਨ ਜਾਂ ਕਲੰਕਤ ਕਰਦੇ ਹਨ। ਚੰਗਾ ਰਾਜ-ਭਾਗ ਦੇਣ ਵਾਲਿਆਂ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਂਦਾ ਹੈ। ਬਾਬੇ ਨਾਨਕ ਨੂੰ ਕਿਸੇ ਪੁੱਛਿਆ ਕਿ ਆਪ ਮਹਾਂਪੁਰਸ਼ ਹੋ ਕੇ ਵੀ ਹੇਠਾਂ ਆਸਣ ਕਿਉਂ ਲਗਾਉਂਦੇ ਹੋ? ਉਨ੍ਹਾਂ ਜਵਾਬ ਵਿਚ ਕਿਹਾ, “ਨੀਵਾਂ ਬੈਠਣ ਵਾਲਾ ਕਦੇ ਡਿੱਗਦਾ ਨਹੀਂ।” ਡਾ. ਅਜੀਤਪਾਲ ਸਿੰਘ ਵੱਲੋਂ ਮਿਲਿਆ ਉਪਰੋਕਤ ਸੰਦੇਸ਼ ਡੂੰਘੇ ਅਰਥਾਂ ਵਾਲਾ ਹੈ, ਜਿਸ ਨੂੰ ਬਾਉਲੀ ਦੀਆਂ ਪੌੜੀਆਂ ਉਤਰ ਕੇ ਹੀ ਸਮਝਿਆ ਜਾ ਸਕਦਾ ਹੈ। ਆਓ ਬਾਬਾ ਫ਼ਰੀਦ ਦੇ ਸਲੋਕ ਦੀ ਗਹਿਰਾਈ ਨਾਪਣ ਦੀ ਕੋਸ਼ਿਸ਼ ਕਰੀਏ :


**ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ॥**  
**ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥** (ਅੰਗ ੪੮੮)

**-ਅਜੋਕੇ ਸਿੱਖ ਸਰੋਕਾਰ ’ਚੋਂ**

❖ ❖ ❖ ❖

# ਕ੍ਰਿਤਾਰਥ ਜੀਵਨ

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...**




ਇਸ ਪ੍ਰਕਾਰ ਦੀਆਂ ਗਲਾਂ ਕੁਛ ਵੱਧ ਘੱਟ ਵੇਰਵੇ ਨਾਲ ਕਈਆਂ ਨੇ ਸੁਣੀਆਂ ਤੇ ਉਹ ਹੁੰਦੇ ਹੁੰਦੇ ਇਕ ਸਾਧੂ ਬਿਰਤੀ ਵਾਲੇ ਗੁਰ ਸਿਖ ਪਾਸ ਕੁਛ ਹੋਰ ਵਧ ਘਟ ਕੇ ਪਹੁੰਚੀਆਂ। ਸਾਧੂ ਨੇ ਉਪਰ ਕਥੇ ਵਾਕ ਤੇ ਹੋਰ ਬੀਰਤਾ ਦੇ ਸਿਖਾਂ ਦੇ ਵਾਕੇ ਇਕ ਸੰਗਤ ਵਿਚ ਸੁਨਾਏ। ਉਸ ਸਾਧੂ ਤੋਂ ਸਿਖਾਂ ਨੇ ਪੁਛਿਆ ਸੀ ਕਿ ਜੀਓ ਐਸੀਆਂ ਹੋਣੀਆਂ ਸਾਡੇ ਬਾਬ ਕਿਉਂ ਵਰਤੀਆਂ? ਤਦ ਉਸ ਸਾਧੂ ਨੇ ਕਿਹਾ ਸੀ ਕਿ ਇਸ 'ਕਿਉਂ' ਦਾ ਉੱਤਰ ਵਾਹਿਗੁਰੂ ਜਾਣਦਾ ਹੈ। ਸਿੱਖ ਲੋਕ ਐਸੇ ਭਾਣੇ ਕਿਸੇ ਮਨ ਦੇ ਰੁਖ ਵਿਚ ਝੱਲਦੇ ਹਨ, ਉਹ ਇਸ ਦਾਸ ਤੋਂ ਸੁਣ ਲਓ। ਤਦ ਉਸ ਸਾਧੂ ਬ੍ਰਿਤੀ ਵਾਲੇ ਨੇ ਉਪਰ ਕਥੀ ਵਾਰਤਾ ਤੇ ਉਸ ਮਾਈ ਦੇ ਸਿਦਕ ਦੀ ਗਲ-ਬਾਤ ਸੁਣਾਈ ਸੀ ਕਿ ਇਤਨਾ ਕਸ਼ਟ ਸਹਾਰਕੇ ਉਹ ਸਾਰੀ ਹੋਣੀ ਨੂੰ ਕਿਸ ਜੇਰੇ ਦੇ ਸਿਦਕ ਵਿਚ ਲੈ ਰਹੀ ਸੀ। ਇਹ ਵਾਰਤਾ ਸੁਣਕੇ ਸਭਨਾਂ ਦੇ ਦਿਲ ਭਰ ਆਏ ਤੇ ਸਿਦਕ ਵਿਚ ਹੋ ਗਏ। ਪਰ ਇਕ ਗੱਭਰੂ ਨੇ ਪੁਛਿਆ: ਸੰਤ ਜੀ! ਦੱਸੋ ਤਾਂ ਸਹੀ ਇਹ ਕੁਛ ਕਿਉਂ ਹੁੰਦਾ ਹੈ? ਤਦ ਸਾਧੂ ਨੇ ਕਿਹਾ: ਭਾਈ ਮੈਂ ਅਜੇ ਸਾਧਨਾਂ ਵਿਚ ਲਗਾ ਹਾਂ ਤੇ ਪਰਮਾਰਥ ਵਿਚ ਬੱਚਾ ਹਾਂ। ਮੇਰੇ ਕੰਨੀ ਜੋ ਵਾਜਾਂ ਗੁਰਮੁਖਾਂ ਤੋਂ ਪੈਂਦੀਆਂ ਹਨ ਏਹ ਹਨ ਕਿ ਸਾਡੇ ਭੈੜੇ ਕਰਮਾਂ ਨੂੰ ਭੈੜੇ ਫਲ ਲਗਦੇ ਹਨ, ਕਰਮ ਪਿਛਲੇ ਹੁਣ ਦੇ ਰਲਕੇ। ਫੇਰ ਹੁਕਮ ਵਰਤਦਾ ਹੈ ਕਰਮਾਂ ਨੂੰ ਤੋਲਣ ਤੇ ਭਾਣੇ ਵਰਤਾਉਣ ਵਾਲ। 'ਹੁਕਮ' ਹੈ ਹੁਕਮੀ ਦਾ, 'ਕਿਵੇਂ ਤੇ ਕਿਸ ਤਰ੍ਹਾਂ!' ਉਹੋ ਜਾਣਦਾ ਹੈ, ਦ੍ਰਿਸ਼ਟਾਂਤ ਕੋਈ ਪੂਰੇ ਨਹੀਂ ਢੁੱਕਦੇ ਪਰ ਦ੍ਰਿਸ਼ਟਾਂਤਾਂ ਤੋਂ ਕੁਛ ਸੋਝੀ ਪੈ ਜਾਂਦੀ ਹੈ। ਦੇਖੋ ਦੁਨੀਆਂ ਦੀ ਅਦਾਲਤ ਜੁਰਮ ਤੋਲਕੇ ਸਜ਼ਾ ਦੇਂਦੀ ਹੈ। ਅਦਾਲਤ ਦਾ ਹੁਕਮ ਪਾਤਸ਼ਾਹ ਦਾ ਹੁਕਮ ਹੁੰਦਾ ਹੈ, ਕਿਉਂਕਿ ਅਦਾਲਤਾਂ ਉਹੋ ਥਾਪਦਾ ਹੈ।

ਗਭਰੂ- ਫੇਰ ਉਸੇ ਹੁਕਮੀ ਵਿਚ ਰਹਿਮ ਤਾਂ ਨਾ ਹੋਯਾ?

ਸਾਧੂ- ਰਹਿਮ ਤੇ ਪਜਾਰ ਤਾਂ ਉਸਦਾ ਸਰੂਪ ਹੈ, ਵੈਰ ਤਾਂ ਉਸ ਵਿਚ ਹੈ ਹੀ ਨਹੀਂ, ਉਹ ਨਿਰਵੈਰ ਤੇ ਨਿਰਭਉ ਹੈ। ਉਹ ਤਾਂ ਮੇਹਰ ਹੀ ਕਰਦਾ ਹੈ ਤੇ ਰਹਿਮ ਵਰਤਦਾ ਹੈ ਤੋਲਣ ਵੇਲੇ। ਸਗੋਂ ਉਸਨੂੰ ਇਹ ਵੀ ਵਸੀਕਾਰ ਹੈ ਕਿ ਚਾਹੇ ਤਾਂ ਪਾਪ ਖਿਨ ਵਿਚ ਬਖਸ਼ ਦੇਵੇ- 'ਅਸੰਖ ਖਤੇ ਖਿਨ ਬਖਸਨਹਾਰਾ॥'

ਗਭਰੂ-ਏਹ ਹੋ ਨਹੀਂ ਸਕਦਾ,ਨਾਲੇ ਨਿਆਂ ਨਾਲੇ ਰਹਿਮ ਪਜਾਰ!

ਸਾਧੂ- ਹੈ ਤਾਂ ਇਹੋ ਗਲ, ਪਰ ਮੈਂ ਨਾ ਸਮਝ ਸਕਦਾ ਤੇ ਨਾ ਸਮਝਾ ਸਕਦਾ ਹਾਂ, ਦ੍ਰਿਸ਼ਟਾਂਤ ਇਕ ਲੈ ਲਓ ਤਾਂ ਸਮਝੇ ਕੁਝ ਪੈ ਜਾਏਗਾ। ਉਹ ਇਹ ਹੈ ਕਿਸੇ ਆਦਮੀ ਨੂੰ ਹਾਈਕੋਰਟ ਖੂਨ ਕਰਨ ਦੇ ਬਦਲੇ ਫਾਂਸੀ ਦਾ ਹੁਕਮ ਦੇਂਦੀ ਹੈ। ਓਹ ਪਾਤਸ਼ਾਹ ਪਾਸ ਰਹਿਮ ਦੀ ਅਪੀਲ ਕਰਦਾ ਹੈ। ਜੇ ਚਾਹੇ ਤਾਂ ਪਾਤਸ਼ਾਹ ਉਸਨੂੰ ਛਡ ਦੇਂਦਾ ਹੈ, ਚਾਹੇ ਸਜ਼ਾ ਕਮ ਕਰ ਦੇਂਦਾ ਹੈ, ਇਹ ਹੈ ਕਿ ਨਹੀਂ ?

ਗੱਭਰੂ- ਹਾਂ, ਇਹ ਤਾਂ ਹੈ।

ਸਾਧੂ- ਦੇਖੋ ਨਿਆਂ ਹੋ ਗਿਆ, 'ਪਾਤਸ਼ਾਹ ਦੀ ਅਦਾਲਤ' ਨੇ ਕੀਤਾ। ਰਹਿਮ ਹੋ ਗਿਆ ਪਾਤਸ਼ਾਹ ਨੇ ਛਡ ਦਿਤਾ, ਜੇ ਕਿਸੇ ਨੂੰ ਨਾ ਛਡੇ ਤਾਂ ਓਹ 'ਨਾ ਰਹਿਮ' ਨਹੀਂ ਕਹੀਦਾ। ਫੇਰ ਇਸੇ ਤੋਂ ਅਨੁਮਾਨ ਲਾ ਲਓ। ਅਨੰਤ ਰਬ ਜੀ ਕਿਸੇ ਸਾਡੀ ਮਿਤਵਾਲੀ ਅਕਲ ਦੀ ਤੱਕੜੀ ਤੇ ਨਹੀਂ ਤੁਲ ਸਕਦੇ। ਜਦ ਸਾਡੇ ਜੀਵਾਂ ਵਿਚ ਨਿਆਂ ਤੇ ਰਹਿਮ ਕੱਠੇ ਹੋ ਸਕਦੇ ਹਨ ਤਾਂ ਉਹ ਪਰਮ ਬ੍ਰਹਮ ਪਰਮੇਸੁਰ ਵਿਚ ਕਿਉਂ ਨਹੀਂ ਹੁੰਦੇ! ਉਸਦੇ ਕਰਨੇ ਤਾਂ ਅਸੀਂ ਸਮਝ ਹੀ ਨਹੀਂ ਸਕਦੇ।

ਗੱਭਰੂ- ਠੀਕ ਹੈ, ਪਰ ਮਨ ਡੋਲਦਾ ਹੀ ਹੈ।

ਸਾਧੂ- ਦੁਖ ਜੋ ਡਾਢੇ ਪਾਏ, ਮਨ ਡੋਲਣਾ ਹੋਇਆ। ਮਨ ਅਡੋਲ ਸਮੇਂ ਨਾਲ ਹੋਸੀ ਯਾ 'ਗੁਰੂ ਬਾਣੀ ਤੇ ਨਾਮ' ਨਾਲ ਛੇਤੀ ਹੋਸੀ। ਪਰ ਜੇ ਤੁਸੀਂ ਇਸ ਪ੍ਰਕਾਰ ਦੀ ਹੋਣੀ ਤੇ ਇਕ ਸਾਖੀ ਸੁਣਨੀ ਚਾਹੋ ਤਾਂ ਮੈਂ ਸਤਿਗੁਰੂ ਨਾਨਕ ਦੇਵ ਜੀ ਦੇ ਦਰ ਵਰਤੀ ਸੁਣਾ ਦੇਂਦਾ ਹਾਂ।

ਸਾਰੀ ਬੈਠੀ ਸੰਗਤ- ਕਿਰਪਾ, ਕਿਰਪਾ, ਕਿਰਪਾ।

ਤਾਂ ਸੰਤ ਜੀ ਬੋਲੇ :-ਦੇਖੋ **ਪੁਰਾਤਨ ਜਨਮ ਸਾਖੀ** ਵਿਚ ਇਕ ਸਾਖੀ ਲਿਖੀ ਹੈ, ਜਦ ਬਾਬਰ ਬੜੀ ਬੇ-ਤਰਸੀ ਨਾਲ ਸੈਦਪੁਰ ਦੀ ਕਤਲਾਮ ਕਰ ਚੁਕਾ ਤੇ ਕੁਛ ਦਿਨ ਬੀਤੇ ਤਾਂ ਮਰਦਾਨੇ ਦੀ ਗਲ-ਬਾਤ ਗੁਰੂ ਨਾਨਕ ਦੇਵ ਜੀ ਨਾਲ ਫੇਰ ਛਿੜ ਪਈ।

ਐਉਂ ਲਿਖਿਆ ਹੈ **ਪੁਰਾਤਨ ਜਨਮ ਸਾਖੀ** ਵਿਚ:-

"ਤਬ ਇਕ ਦਿਨ ਮਰਦਾਨੇ ਅਰਜੁ ਕੀਤਾ, ਆਖਿਓਸੁ: 'ਜੀ ਇਹ ਤਾਂ ਇਕਸੈ ਵਿਗਾੜਿਆ, ਅਤੈ ਇਤਨੇ ਕਿਉਂ ਮਾਰੇ?' ਤਬ ਗੁਰੂ ਬਾਬੈ ਆਖਿਆ, 'ਮਰਦਾਨਿਆ! ਉਸ ਦਰਖ਼ਤ ਤਲੈ ਜਾਇ ਸਉਂ, ਜਾਂ ਉਠਹਿੰਗਾ ਤਾਂ ਜਵਾਬ ਦੇਹਿੰਗੇ'। ਤਬ ਮਰਦਾਨਾ ਜਾਇ ਸੁੱਤਾ, ਤਾਂ ਏਕ ਬੂੰਦ ਚਿਕਨਾਈ ਕੀ ਪਈ ਥੀ ਸੀਨੇ ਉਪਰਿ, ਰੋਟੀ ਖਾਂਦਿਆਂ। ਜਿਉਂ ਸੁਤਾ ਥਾ, ਤਿਉਂ ਕੀੜੀਆਂ ਆਇ ਲਗੀਆਂ। ਇਕ ਜੋ ਕੀੜੀ ਲੜੀ ਸੁਤੇ ਹੋਏ ਨੂੰ ਤਾਂ ਹਥਿ ਨਾਲ ਸਭੇ ਮਲਿ ਸਟੀਆਂ। ਤਾਂ ਬਾਬੈ ਆਖਿਆ, 'ਕਿਆ ਕੀਤੋ ਵੇ ਮਰਦਾਨਿਆ:' ਤਾਂ ਮਰਦਾਨੈ ਆਖਿਆ: 'ਜੀ ਕੋਈ ਹਿਕ ਜੋ ਲੜੀ ਸਭੇ ਮਰਿ ਗਈਆਂ'। ਤਾਂ ਬਾਬਾ ਹਸਿਆ, ਆਖਿਉਸੁ 'ਮਰਦਾਨਿਆਂ : ਇਵੇਂ ਹੀ ਮਰਦੀ ਆਈ, ਇਕਸ ਦਾ ਸਦਕਾ'। ਤਾਂ ਮਰਦਾਨਾ ਆਇ ਪੈਰੀਂ ਪਇਆ।"

2.

ਸੋ ਖਾਲਸਾ ਜੀ ! ਜੋ ਗਲਾਂ ਸਾਡੀ ਸਮਝ ਤੋਂ ਪਰੇ ਹੋਣ ਉਨ੍ਹਾਂ ਲਈ ਕਾਸ ਨੂੰ ਸਿਰ ਖਪਾਉਣਾ ਹੋਇਆ, ਕਾਫੀ ਹੈ ਸਮਝਣੇ ਲਈ ਸਾਡੇ ਕਰਮ ਤੇ ਸਾਂਈਆਂ ਜੀ ਦਾ ਹੁਕਮ ਜੋ ਕਿਸੇ ਅਜੀਬ ਢੰਗ ਨਾਲ ਕੰਮ ਕਰ ਰਹੇ ਹਨ।

ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥ (ਅੰਗ-੧੨੪੧)

ਦੋ ਗਲਾਂ ਹੋਈਆਂ-1-ਹੁਕਮ ਤੇ 2-ਕਰਮ।

1. ਹੁਕਮ ਸਾਡੇ ਵੱਸ ਦੀ ਸ਼ੈ ਨਹੀਂ, ਉਸ ਨੂੰ ਹੁਕਮੀ ਤੇ ਛਡੋ, ਜਿਵੇਂ ਚਾਹੇ ਅਪਨੀ ਸਰਵੱਗਤਾ ਵਿਚ, ਅਪਨੀ ਮਿਹਰ ਵਿਚ, ਅਪਨੀ ਸਰਬ ਸ਼ਕਤੀਮਾਨਤਾ ਵਿਚ ਪਿਆ ਵਰਤੇ। ਤੁਸੀਂ ਉਸ ਅਗੇ

ਅਰਦਾਸ ਕਰੋ, ਸਦਾ ਮੇਹਰ ਮੰਗੋ, ਬਾਣੀ ਪੜ੍ਹੋ, ਵੀਚਾਰ ਕੇ ਪੜ੍ਹੋ, ਬਾਣੀ ਦਾ ਕੀਰਤਨ ਸੁਣੋ, ਬਾਣੀ ਤੇ ਪਹਿਰਾ ਦਿਓ; ਨਾਮ ਨਾਲ ਆਪਣੇ ਕਰਤਾ ਪੁਰਖ ਦੀ ਹਜ਼ੂਰੀ ਵਿਚ ਰਹੋ:- "ਜੋ ਹੋਆ ਹੋਵਤ ਸੋ ਜਾਨੈ॥ ਪ੍ਰਭ ਅਪਨੇ ਕਾ ਹੁਕਮੁ ਪਛਾਨੈ॥" (ਗਉੜੀ ਸੁਖਮਨੀ)

2. ਦੂਜੀ ਗਲ ਹੈ ਕਰਮ। ਇਸ ਕਰਮ ਦਾ ਮਤਲਬ ਸ਼ਾਸਤ੍ਰ ਵਿਚ ਲਿਖੇ ਕਰਮ ਕਾਂਡੀ ਕਰਮਾਂ ਤੋਂ ਨਹੀਂ, ਜੋ ਕਈ ਵਿਰੋਧੀ ਪਖਾਂ ਵਿਚ ਵਰਨਣ ਹੋਏ ਹਨ ਤੇ ਜੋ ਸਕਾਮ ਹੁੰਦੇ ਹਨ ਤੇ ਜਿਨ੍ਹਾਂ ਦੇ ਕਰਦਿਆਂ ਅਹੰਕਾਰ ਤੇ ਸ੍ਵਾਰਥ ਪਰਤਾ (ਖ਼ੁਦਗ਼ਰਜ਼ੀ) ਵਧਦੀ ਹੈ- ਪਰ ਮੇਰਾ ਭਾਵ ਹੈ ਨਿਰਮਲ ਕਰਮ-'ਮਨ ਨਿਰਮਲ ਕਰਮ ਕਰਿ।' ਇਹ ਹਨ ਨੇਕ ਕੰਮ, ਇਖ਼ਲਾਕੀ ਕਰਮ, ਸ਼ਰੇਸਟਾਚਾਰ ਦੇ ਕਰਮ; ਆਚਰਨ ਉਚਾ ਸੁਚਾ ਰੱਖਣਾ। ਇਹ ਗੁਰੂ ਨਾਨਕ ਦੇਵ ਜੀ ਦਾ, ਜਿਨ੍ਹਾਂ ਦਾ ਕੱਲ ਅਵਤਾਰ ਦਿਨ ਹੈ, ਪਹਿਲਾ ਹੁਕਮ ਹੈ। ਮਨ ਨੂੰ ਮੈਲਿਆਂ ਕਰਨ ਵਾਲੇ ਕੰਮ ਨਾ ਕਰੋ, ਮਨ ਨੂੰ ਉੱਜਲ ਕਰਨ ਵਾਲੇ ਕੰਮ ਕਰੋ। ਇਹੋ ਸਾਡੇ ਮਾੜੇ ਕਰਮ ਪਾਪ ਤੇ ਕਸਮਲ ਕਹੀਦੇ ਹਨ, ਇਹਨਾਂ ਦਾ ਫਲ ਹੀ ਦੁੱਖ ਹੁੰਦਾ ਹੈ, ਚਾਹੇ ਕਿਸੇ ਸ਼ਕਲ ਵਿਚ ਮਿਲੇ। ਹੁਣ ਮੈਂ ਤੁਹਾਨੂੰ ਇਕ ਮਿਸਾਲ, ਇਸੇ 1947 ਦੇ ਘੱਲੂਘਾਰੇ ਵਿਚ ਵਰਤੀ ਦੱਸਦਾ ਹਾਂ। ਇਕ ਸਜਨ ਮੈਨੂੰ ਕਹਿਣ ਲਗਾ ਕਿ ਜੀ ਅਸਾਂ ਕੀਹ ਪਾਪ ਕੀਤੇ ਸਨ ਕਿ ਸਾਨੂੰ ਐਡਾ ਦੰਡ ਮਿਲਿਆ? ਮੈਂ ਸੁਣਕੇ ਮੁਸਕ੍ਰਾ ਦਿਤਾ। ਉਸਨੇ ਫੇਰ ਮੈਨੂੰ ਜ਼ਰਾ ਤਕੜਾ ਹੋ ਕੇ ਦੋ ਤਿੰਨ ਵੇਰ ਇਹੋ ਗਲ ਆਖੀ, ਮੈਂ ਉਸਨੂੰ ਕਿਹਾ; ਭਾਈ ਹੋਰ ਕੋਈ ਮੈਨੂੰ ਪਿਆ ਪੁਛੇ ਪਰ ਤੁਸੀਂ ਨਾ ਪੁਛੋ। ਕਹਿਣ ਲਗਾ: ਜ਼ਰੂਰ ਪੁਛਣਾ ਹੈ। ਮੈਂ ਕਿਹਾ ਤੁਸੀਂ ਧਨੀ ਪੁਰਖ ਹੋ, ਸੁਣਕੇ ਗੁੱਸੇ ਨਾ ਹੋਵੋ ਤਾਂ ਮੈਂ ਤੁਹਾਡਾ ਧਿਆਨ ਕਰਮਾਂ ਦੀ ਵੰਨਗੀਮਾਤ੍ਰ ਵਲ ਦੁਆ ਦਿਆਂ। ਸਾਰੇ ਦੁਖੀ ਲੋਕਾਂ ਦੇ ਪਾਪ ਪੁੰਨ ਬਾਬਤ ਮੈਂ ਕੁਛ ਕਹਿ ਨਹੀਂ ਸਕਦਾ। ਪੱਛਮੀ ਪੰਜਾਬ ਵਿਚ ਬੇਗਿਣਤ ਧਰਮੀ, ਪੁੰਨੀ, ਨੇਮੀ, ਪ੍ਰੇਮੀ, ਸ਼ੁਧ ਆਤਮਾ ਮਰੇ ਹਨ। ਅਨੇਕਾਂ ਸਤਵੰਤੀਆਂ ਆਪ ਤੇ ਖੇਲ ਗਈਆਂ ਹਨ। ਪਰ ਤੁਹਾਡਾ ਕੁਛ ਪਤਾ ਲਗ ਜਾਣ ਕਰਕੇ ਇਕ ਗਲ ਵੰਨਗੀ ਮਾਤਰ ਚੇਤਾਉਂਦਾ ਹਾਂ। ਉਹ ਕਹਿਣ ਲਗਾ: ਕਰੋ ਗਲ, ਮੈਂ ਗੁੱਸਾ ਨਹੀਂ ਕਰਨ ਲਗਾ। ਮੈਂ ਕਿਹਾ; ਤੁਸੀਂ ਜ਼ਰਾ ਵੇਲੇ ਸਿਰ ਪੱਛਮੀ ਪੰਜਾਬ ਵਿਚੋਂ ਨਿਕਲ ਆਏ ਤੇ ਪੂਰਬੀ ਪੰਜਾਬ ਵਿਚ ਆ ਟਿਕੇ ਸਾਓ ਤੇ ਚੋਖਾ ਕੁਛ ਬਚਾ ਲਿਆਏ ਸਾਓ। ਲੱਖ ਰੁਪੈ ਦੇ ਤਾਂ ਨੋਟ ਤੁਹਾਡੇ ਪਾਸ ਸਨ। ਸੋਨਾ ਚਾਂਦੀ ਬੀ ਸੀ। ਇਧਰ ਪੂਰਬੀ ਪੰਜਾਬ ਵਿਚ ਆ ਕੇ ਤੁਸਾਂ ਇਕ ਆਪਣੇ ਮਿਤਰ ਪਾਸ, ਜੋ ਬੜਾ ਹੀ ਇੱਜਤ ਵਾਲਾ ਖਾਲਸਾ ਸੀ, ਇਹ ਸਭ ਕੁਛ ਅਮਾਨਤ ਰਖੇ। ਜਦ ਉਸ ਨੇਕ ਬੰਦੇ ਨੇ ਸਭ ਕੁਛ ਅਮਾਨਤ ਰਖ ਲਿਆ ਤਾਂ ਇਕ ਦਿਨ ਫੇਰ ਜਦ ਤੁਸੀਂ ਉਸ ਮਿਤਰ ਨੂੰ ਮਿਲਣ ਗਏ ਸਾਓ ਤਾਂ ਤੁਸਾਡੀ ਅਮਾਨਤ ਰਖਣ ਵਾਲੇ ਖਾਲਸੇ ਨੇ ਕਿਹਾ ਸੀ, ਭਾਈ ਮੈਨੂੰ ਪਤਾ ਲਗਾ ਹੈ ਕਿ ਤੂੰ ਕਿਸੇ ਇਕ ਦਾ ਪੰਜ ਸਤ ਹਜ਼ਾਰ ਰੁਪੱਯਾ ਕਰਜ਼ਾ ਦੇਣਾ ਹੈ ਜੋ ਤੂੰ ਆਪਣੇ ਸ਼ਹਿਰ ਹੁੰਦਿਆਂ ਉਧਾਰਾ ਲਿਆ ਸੀ, ਉਹ ਅਦਾ ਕਰ ਦੇ। ਤੁਸਾਂ ਸੁਣਕੇ ਕੁਛ ਘਬਰਾ ਖਾਧਾ ਤੇ ਫੇਰ ਆਖਿਆ ਸੀ; 'ਮਿਤ੍ਰ ਜੀ! ਰਹਿਣ ਦਿਓ ਇਹ ਗੱਲਾਂ। ਹੁਣ ਸਾਥੋਂ ਕਿਸ ਨੇ ਮੰਗਣਾ ਹੈ ਤੇ ਕਿਸ ਨੇ ਦੇਣਾ ਹੈ, ਉਜੜ ਪੁਜੜ ਆਏ ਹਾਂ'। ਤਦ ਅਮਾਨਤ ਰਖਣ ਵਾਲੇ ਨੇ ਤੁਸਾਨੂੰ ਕਿਹਾ, 'ਤੁਸਾਡੇ ਪਾਸ ਹੈ, ਦੇ ਸਕਦੇ ਹੋ, ਦੇ ਦਿਓ; ਮੇਰੇ ਖਿਆਲ ਵਿਚ ਤੁਸੀਂ ਬਿਨਾਂ ਚੂੰਢੀ ਵੱਢੀਜੇ ਦੇ, ਦੇ ਸਕਦੇ ਹੋ, ਦੇ ਦਿਓ ਤਾਂ ਭਲਾ ਹੈ।' ਫੇਰ ਤੁਸਾਂ ਕਿਹਾ-'ਇਸ ਰਕਮ ਦਾ ਤੁਸਾਡੇ ਬਿਨਾਂ ਕਿਸ ਨੂੰ ਪਤਾ ਹੈ ?' ਅਮਾਨਤ ਰਖਣ ਵਾਲੇ ਨੇ ਤੁਸਾਨੂੰ ਜ਼ਰਾ ਕੁ ਮੱਥੇ ਵੱਟ ਪਾ ਕੇ ਕਿਹਾ ਸੀ; 'ਇਹੋ ਹੈ ਆਪਦੀ ਦਿਆਨਤਦਾਰੀ? ਲੋਕ ਤੁਸਾਡੇ ਪਾਸ ਅਮਾਨਤਾਂ ਰਖਦੇ ਹੁੰਦੇ ਸਨ, ਇਸੇ ਭਲੇਮਣਸਊ ਤੇ? ਤੁਸੀਂ ਨਹੀਂ ਜਾਣਦੇ ਕਿ ਜਿਸਦਾ ਤੁਸਾਂ ਦੇਣਾ ਹੈ ਉਹ ਥਾਂ ਐਸੀ ਨਹੀਂ ਕਿ ਤੁਸੀਂ ਈਮਾਨ ਹਾਰਦੇ ਹੋਏ ਓਥੇ ਈਮਾਨ ਹਾਰੋ। ਤੁਸੀਂ ਜਦ ਪਰਾਇਆਂ ਦੇ ਮਾਲ ਨੂੰ ਆਪਣਾ ਸਮਝਦੇ ਹੋ ਫੇਰ ਤੁਸੀਂ ਸਿਖੀ ਦਾ ਮਾਣ ਕਰਦੇ ਹੋ? ਤੁਸੀਂ ਪੁੱਛਦੇ ਸਾਓ ਕਿ ਅਸਾਂ ਕੇਹੜੇ ਪਾਪ ਕੀਤੇ ਹਨ ਜੋ ਸਾਡੇ ਤੇ ਵਬਾਲ ਆਇਆ, ਇਹ ਨਮੂਨਾ ਹੈ ਤੁਸਾਡੇ ਪੁੰਨ ਕਰਮਾਂ ਦਾ। ਇੰਨਾਂ ਦੁਖ ਪਾ ਕੇ ਬੀ ਤੁਸਾਂ ਗੁਰੂ ਕਾ ਹੁਕਮ ਨਹੀਂ ਕਮਾਇਆ, ਜੋ ਇਹ ਹੈ- "ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ॥" (ਵਾਰ ਸਾਰੰਗ ਸਲੋਕ ਮ: ੩)

ਫੇਰ ਸੰਤ ਜੀ ਕੁਛ ਚਿਰ ਚੁਪ ਰਹਿਕੇ ਬੋਲੇ:-ਪਜਾਰੇ ਸਜਣੋ! ਐਸੇ ਐਸੇ ਕਰਮ ਜੋ ਕਰੀਦੇ ਹਨ, ਮਾੜੇ ਨਹੀਂ ਸਮਝੀਦੇ। ਹੁਣ ਤੁਹਾਨੂੰ ਮੈਂ ਇਸੇ ਤਰ੍ਹਾਂ ਦੀ ਸਚਮੁਚ ਦੀ ਹੋਈ ਇਕ ਵਾਰਤਾ 'ਨਿਰਮਲ ਕਰਮ' ਦੀ ਦੱਸਣੀ ਚਾਹੁੰਦਾ ਹਾਂ, ਜਿਨ੍ਹਾਂ ਦੇ ਕਰਨ ਨਾਲ ਸਾਡਾ ਮਨੁੱਖੀ ਧਰਮ ਪੂਰਾ ਹੁੰਦਾ ਹੈ, ਅਸੀਂ ਸਿੱਖ ਕਹਿਲਾਉਣ ਦੇ ਹੱਕਦਾਰ ਹੁੰਦੇ ਹਾਂ- ਇਕ ਸਿੱਖ 1947 ਵਿਚ ਪਛਮੀ ਪੰਜਾਬ ਵਿਚੋਂ ਉਜੜਕੇ ਇਧਰ ਆਇਆ। ਮਾਇਆ ਨਾਲ ਅਤਿ ਹੀ ਥੁਹੜੀ ਆਈ ਜੋ ਥੋੜੇ ਦਿਨਾਂ ਵਿਚ ਹੀ ਮੁੱਕ ਗਈ। ਆਖਰ 60 ਕੁ ਰੁਪਏ ਦਾ ਸੋਨਾ ਇਸਤ੍ਰੀ ਪਾਸ ਰਹਿ ਗਿਆ ਸੀ, ਉਹ ਵੇਚਕੇ ਇਕ ਨਿੱਕਾ ਜਿਹਾ ਕਿੱਤਾ ਸ਼ੁਰੂ ਕਰ ਦਿੱਤਾ। ਕਿੱਤੇ ਵਿਚ ਬਰਕਤ ਪੈ ਗਈ ਤੇ ਵਧ ਟੁਰਿਆ। ਸਾਲ ਭਰ ਵਿਚ ਛੇ ਸੱਤ ਹਜ਼ਾਰ ਰੁਪਿਆ ਕਮਾਈ ਦਾ ਹੋ ਗਿਆ। ਇਸ ਸਜਨ ਪੁਰਖ ਪਾਸ ਆਪਣੇ ਸ਼ਹਿਰ ਵਿਚ ਲੋਕੀਂ ਆਪਣੇ ਥੋੜੇ ਥੋੜੇ ਰੁਪਏ ਅਮਾਨਤ ਰਖ ਜਾਇਆ ਕਰਦੇ ਸਨ; ਜਿਨ੍ਹਾਂ ਦਾ ਇਹ ਵਿਆਜ ਦਿਆ ਕਰਦਾ ਸੀ ਤੇ ਆਪਣੇ ਕੰਮੀਂ ਰੁਪਿਆ ਵਰਤਿਆ ਕਰਦਾ ਸੀ। ਕੋਈ ਰੁਪਿਆ ਆ ਮੰਗੇ ਤੇ ਵਿਆਜ ਸਮੇਤ ਮੋੜ ਦਿਆ ਕਰਦਾ ਸੀ। ਪੱਛਮੀ ਪੰਜਾਬ ਵਿਚੋਂ ਹੁਣ ਕੰਗਾਲ ਹੋ ਕੇ ਇਧਰ ਪੂਰਬੀ ਪਾਸੇ ਆਇਆ ਤਾਂ ਅਮਾਨਤਾਂ ਵਾਲਿਆਂ ਨੂੰ ਕਿਥੋਂ ਦੇਵੇ, ਪਰ ਇਸਦਾ ਮਨ ਦੁਖਦਾ ਸੀ ਕਿ ਇਹ ਪੰਡ ਮੈਂ ਕਿਉਂ ਚਾਈ ਸੀ? ਜਦੋਂ ਇਸਦਾ ਵਪਾਰ ਚਲ ਪਿਆ ਤੇ ਕੁਛ ਰਕਮ ਜਮ੍ਹਾਂ ਹੋ ਗਈ ਤਾਂ ਇਸਨੇ ਪਹਿਲਾ ਕੰਮ ਇਹ ਕੀਤਾ ਕਿ ਜਿਸ ਜਿਸਦੇ ਰੁਪਏ ਅਮਾਨੀ ਇਸ ਪਾਸ ਜਮ੍ਹਾਂ ਸਨ, ਸਭ ਨੂੰ ਹੌਲੀ ਹੌਲੀ ਬੁਲਾ ਬੁਲਾ ਕੇ ਅਦਾ ਕਰ ਦਿਤੇ। ਦੁਨੀਆਂ ਦੇ ਦਾਨੇ ਇਸਨੂੰ ਕਹਿ ਰਹੇ ਕਿ ਪਹਿਲਾਂ ਆਪਣਾ ਆਪ ਤਾਂ ਬਣਾ ਲਓ, ਤੁਹਾਥੋਂ ਕੋਈ ਅਮਾਨਤ ਰਖਣ ਵਾਲਾ ਨਾਲਸ਼ ਕਰਕੇ ਰੁਪੈ ਨਹੀਂ ਲੈ ਸਕਦਾ ਤੇ ਇਖਲਾਕੀ ਤੌਰ ਤੇ ਬੀ ਤੁਸੀਂ ਦੇਣ ਦੇ ਜ਼ਿੰਮੇਂਵਾਰ ਨਹੀਂ, ਕਿਉਂਕਿ ਤੁਸੀਂ ਨਾਲ ਥੋੜਾ ਲਿਆਏ ਹੋ, ਉਹ ਤਾਂ ਸਭ ਦਾ ਪਿਛੇ ਰਿਹਾ। ਕਈਆਂ ਨੇ ਕਿਹਾ ਭਾਈ ਇਹ 'ਵਿਸ਼ ਮੇਜਰ' ਹੈ ਅਰਥਾਤ ਰੱਬ ਦਾ ਕਰਨਾ ਹੈ ਕਿ ਰੁਪੈ ਪਿਛੇ ਲੁਟੇ ਪੁਟੇ ਗਏ, ਕਾਨੂੰਨ ਦੀ ਰਖਜਾ ਤੁਹਾਡੇ ਪੱਖ ਵਿਚ ਹੈ। ਇਸਨੇ ਕਿਹਾ: ਸੱਚ ਕਹਿ ਰਹੇ ਹੋ, ਮੇਰੇ ਅੰਦਰ ਇਕ ਕਾਨੂੰਨ ਸਚੇ ਹਾਕਮ ਦਾ ਕੰਮ ਕਰ ਰਿਹਾ ਹੈ, ਉਹ ਆਖਦਾ ਹੈ ਕਿ ਦੇਣਾ ਤੇਰੇ ਰੱਬ ਨੂੰ ਖੁਸ਼ ਕਰੇਗਾ, ਤੇਰੀ ਆਤਮਾ ਨੂੰ ਖੇੜੇਗਾ। ਭਾਈ, ਮੈਂ ਸਿਖ ਹਾਂ, ਮੇਰੇ ਗੁਰੂ ਕਾ ਕਾਨੂੰਨ ਕਹਿ ਰਿਹਾ ਹੈ:- "ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ॥" (ਵਾਰ ਸਾਰੰਗ ਸਲੋਕ ਮ: ੩)

(ਚਲਦਾ)

❖ ❖ ❖ ❖

# Sikhs in Greece

❖ Swarn Singh Kahlon

INTRODUCTION

Greece is an interesting destination for Sikhs. In earlier days Punjabis signed up on Greek vessels and subsequently jumped the ships when in a European port. The Sikhs started coming in 1970s. I had absolutely no contact there but ultimately ended up spending six days with full itinerary visiting five Gurdwaras on mainland in Athens and surrounding towns and villages and one on Island of Crete where we made a flying visit. According to one estimate (Wikipedia), there are about 20,000 Sikhs in Greece. 'Nagar Kirtans' in many towns are held—Government permission is needed.

According to Reena Kukreja in an article 'Looking for a Home in Greece', *Indian Express,* 4 November, 2018: Today, around 15,000-16,000 regularized Indian migrants live in the country while the number of those who are undocumented is estimated to be around 50,000.

THE COUNTRY

The historical and cultural heritage of Greece continues to resonate throughout the modern Western world—in its literature, art, philosophy and politics. Situated in the far south of the Balkan Peninsula, Greece combines the towering mountains of the mainland with over 1,400 Islands, the largest of which is Crete. Post-World War II, Greece saw rapid economic and social change with tourism and shipping becoming major contributors to the economy. The global financial crisis of the late 2000s hit Greece particularly hard as the legacy of high public spending and widespread tax evasion combined with the credit crunch and the resulting recession, to leave the country with a crippling debt burden. While its economic reputation has taken a battering, Greece remains a premier-league travel destination. Its incredible historic sites span four millennia, encompassing both the legendary and the obscure. For anyone with a cultural bone in their body, Greece cannot fail to inspire. Minoans, Romans, Arabs, Latin crusaders, Venetians, Slavs, Albanians and Turks have all left their mark. The wary and genuine welcome you receive at the simplest *taverna* is often enough to ensure a return passage next year as soon as you have reached home.

HLC REPORT 2001

Indians comprise 0.05 per cent of the Greek population of 10 million. Till the 1970s, one route of entry was for




Indian seamen jumping ship to slip into the country illegally. Following the deteriorating conditions in Lebanon, more than 2,000 Indians living there left for Greece and stayed on quietly after the expiry of their visas. On 1 January, 1998, the Greek government granted a general amnesty to all illegal immigrants, thus legalizing the status of Indian immigrants also. Most Indians hold low to middle-level positions in shipping companies, banks and other companies. Some of them have their own businesses. Illegal Indian immigrants are working in agriculture, industry and shops or as domestic help. The Greek Orthodox Church does not allow cremation of dead bodies in Greece. Indians have to take their dead to India for cremation. As permission of the Greek government is required for setting up any place of worship by foreigners, there are only make-shift Gurdwaras in a few areas. Indians in Greece have no role in the country's politics.

SIKH MIGRATION

The following is excerpted from (1) *Brill's Encyclopaedia of Sikhism* and (2) the book: *Sikhs in Europe* by Jacobsen and Myrvold.

In the First World War, as a part of the Indian army, Sikh soldiers fought on the Solonika Front in Thessaloniki, where there is a cemetery in memory of the Indian soldiers. Some of the tombs at the cemetery carry religious inscriptions in Gurmukhi *Ik Onkar Sri Waheguru Ji ki Fateh*. Indian immigrants at 2 per cent of the immigrant population are minuscule but ranks second amongst the Asian immigrants. Indian immigrant population is about 20,000. Sikhs constitute the most dominant group among the Indian immigrants in Greece (Pakistani presence is larger).

The first Indian immigrants were mainly sailors who joined Greek shipping lines and at some point, decided

to settle permanently in the country. Post mid-1980s and in 1990s numbers of immigrants increased substantially. The 2004 Olympic Games in Athens provided another opportunity for Indian migrants to get tourist visas and get jobs as unskilled labour to work on the construction sites. Greece also became important destination as a result of various amnesties in 1998, 2001 and 2005, which helped regularize the status of the illegals. Greece has 6,800 km of vast coastline and 2,800 km of mountain border which is difficult to patrol and hence is relatively easy target of entry to Europe by the illegals. The country's geographical location is also very convenient for entry from Asia and the Balkans.

A large majority of the Sikh immigrants live in the countryside and work in agricultural sector comprising cultivation, gathering fruits, livestock farming, and fish farming. The Sikh concentration is in Central Greece, mainly in Attica (Marathon and Megara), Boiotia, Argolidab, the Argosaronikos Islands and Crete. Smaller settlements of Sikhs can also be found in and around Athens, in which about 4,000 Indian Sikh immigrants live and primarily work in industry and construction. A small percentage of the Sikhs are into retailing mainly of electronic gadgets and Indian products. A few regions in the centre of Athens, Piraeus and Marathon are known to the locals as 'little India' as they comprise supermarkets, restaurants, kiosks, hair salons, video clubs and shops selling Indian art. Small business with Indian products, especially food can be found both in big cities, such as Athens or Piraeus and in smaller cities or village with an Indian population.

Learning of the Greek language is one of the main challenges for the Sikhs. Only few of them speak Greek well and even fewer can write it. This makes communication with the Greek civil services and integration into Greek society more difficult. Due to somewhat strict Greek legislation concerning migrant's family reunification, the male population is much larger in Greece than in other countries. The immigrants tend to send a large part of their earnings to their families back home.

*Present Situation:* The financial crisis posts 2008 has resulted in bleak times for Indian migrants in Greece. Some have decided to stick it out, and others are talking of migrating further West. Returning home is simply not an option. Today the Greek government provides several options of free tickets to encourage migrants to return to their home countries.

## GURDWARAS

According to the Greek constitution, religious freedom is protected and followers of different religions have the right to practice their faith in their own religious places. In practice, however, religious bodies other than Orthodox Church face difficulty in getting permissions to set up their own place of worship. Migrants, therefore organize their religious life through Cultural Associations which simultaneously function as places of worship. Since the Sikhs face difficulties in establishing Gurdwaras, they have created centres that are registered as Indian Cultural Associations, rather than religious places of worship, although in practice the centres function as Gurdwaras. The first association of this kind was founded in Marathon in 1996 under the name Dashmesh Singh Sabha Marathon. Unfortunately, most of the websites of gurdwaras in Europe, there is no mention of Gurdwaras in Greece which is understandable given the above explanation.

There are associations and Gurdwaras in the following towns and Greek Islands.

1. Athens, Tavros: Shri Guru Nanak Darbar.
2. Marathon, Attica: Dashmesh Singh Sabha.
3. Oinofyta, Boiotia: Guru Nanak Committee Oinofyta.
4. Theba, Boiotia: Guru Singh Sabha Sarbat da Bhala.
5. Krinidi, Argolida: Sarbat da Bhala.
6. Koropi, Attica: Singh Sabha Koropi.
7. Megara, Attica: Shri Guru Arjan Dev Ji.
8. Arkadi: Gurdwara Singh Sabha Mata Jeet Kaur Ji.
9. Poros Islands: Indian Cultural Association.
10. Crete Islands: Singh Sabha Kriti.
11. Cyprus: Gurdwara Sangatsar.
12. Schimatari: Gurdwara Sahib.
13. Skala Oropas: Sarab Sanjha Darbar.
14. Korinthos: Gurdwara.

## SOME INTERESTING EVENTS AND PERSONS

Langar by Greece Sikhs in Fatehgarh Sahib
*Tribune India*, 24 December, 2004.
Sikhs from Greece hold *langar*.

Sikhs from Greece have set up community kitchen on the eve of the tercentenary of the martyrdom of the younger Sahibzadas at Fatehgarh Sahib. The Sikhs from Greece who are visiting stated that though they live away from their motherland, but they too are imbued with religious fervour and spirit of service enshrined in the Sikh religion. So, the 'sangat' of Krinidi town in Greece, decided to organize a *langar* at Fatehgarh Sahib. They have been able to collect more than Rs. 5 lakh for the purpose and they have come on their own expenses. Even their employers supported them and granted them leaves for the purpose.

They added that to commemorate the event in Greece more than 15,000 Punjabis settled there would organize religious 'divans' on 31 December and 1 January at Thiva.

Courtesy- *Sikhs in Continental Europe*

## ਖਿੜਦੇ ਫੁੱਲਾਂ ਦੀ ਸੌਗਾਤ

# ਨਾਨਕਸ਼ਾਹੀ ਸੰਮਤ 553

ਗੁਰੂ ਨਾਨਕ ਸਾਹਿਬ ਦੇ ਜਗਤ-ਆਗਮਨ ਤੇ ਇੱਕ ਨਵੀਂ ਵਿਚਾਰਧਾਰਾ (ਸਿੱਖ ਮੱਤ) ਦੇ ਜਨਮ ਦੇ ਨਾਲ-ਨਾਲ ਗੁਰਮਤਿ ਕੀਰਤਨ ਪਰੰਪਰਾ ਅਤੇ ਇੱਕ ਨਵੇਂ ਧਰਮ ਦਾ ਉਦੈ ਹੋਇਆ ਅਤੇ ਉਸ ਵਰ੍ਹੇ ਤੋਂ ਇੱਕ ਨਵਾਂ ਸੰਮਤ ਵੀ ਆਰੰਭ ਹੋਇਆ— ਨਾਨਕਸ਼ਾਹੀ ਸੰਮਤ। ਕਾਲਾਂਤਰ 'ਚ ਹੋਰ ਬਹੁਤ ਕੁਝ ਨਾਨਕ ਨਾਮ ਨਾਲ ਜੁੜਿਆ ਜਿਵੇਂ ਨਾਨਕਸ਼ਾਹੀ ਇੱਟਾਂ, ਨਾਨਕਸ਼ਾਹੀ ਸਿੱਕੇ, ਨਾਨਕ ਪੰਥੀ, ਨਨਕਾਣਾ ਸਾਹਿਬ ਆਦਿ। ਜਦੋਂ ਅਸੀਂ ਨਾਨਕਸ਼ਾਹੀ ਸੰਮਤ 553 ਦੀ ਗੱਲ ਕਰਦੇ ਹਾਂ ਤਾਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਆਗਮਨ (1469 ਈ.) ਤੋਂ ਹੁਣ 553ਵਾਂ ਵਰ੍ਹਾ ਸ਼ੁਰੂ ਹੋ ਚੁੱਕਾ ਹੈ।

ਅਸੀਂ ਪਿੱਛੇ ਜਿਹੇ ਗੁਰੂ ਨਾਨਕ ਸਾਹਿਬ ਦਾ 550ਵਾਂ ਪ੍ਰਕਾਸ਼-ਪੁਰਬ ਮਨਾਇਆ ਹੈ ਜਿਸ ਵਿਚ ਕੌਮੀ-ਕੌਮਾਂਤਰੀ ਪੱਧਰ ਤੇ ਵੱਡੇ ਸਮਾਗਮ ਹੋਏ ਸਨ। ਇੱਕ ਇਤਿਹਾਸਿਕ ਕਦਮ ਕਰਤਾਰਪੁਰ ਸਾਹਿਬ ਲਾਂਘੇ ਦਾ ਖੁੱਲਣਾ ਵੀ ਸੀ। ਇਸ ਲਾਂਘੇ ਨੇ ਸੰਬੰਧਾਂ ਦੀ ਕੁੜੱਤਣ 'ਚੋਂ ਰਬਾਬ ਤੇ ਸ਼ਬਦ ਦੀ ਸਾਂਝ ਨੂੰ ਮੁੜ ਉਜਾਗਰ ਕੀਤਾ ਸੀ। ਦੋਵਾਂ ਸਰਕਾਰਾਂ ਵੱਲੋਂ ਉਪਰਾਲਾ ਚੰਗਾ ਸੀ ਪਰ ਕਰੋਨਾ ਦੇ ਕੁਦਰਤੀ ਕਹਿਰ ਤੋਂ ਜਿੱਥੇ ਪੂਰੀ ਦੁਨੀਆ ਦੀ ਰਫ਼ਤਾਰ ਥੰਮੀ ਉੱਥੇ ਲਾਂਘੇ ਨੂੰ ਵੀ ਇਸਦਾ ਸੇਕ ਲੱਗਾ। ਫਿਲਹਾਲ ਇਹ ਲਾਂਘਾ ਬੰਦ ਹੈ। ਅਸੀਂ ਆਸ ਕਰਦੇ ਹਾਂ ਆਰਜ਼ੀ ਤੌਰ ਤੇ ਬੰਦ ਹੋਇਆ ਸ਼ਬਦ ਤੇ ਰਬਾਬ ਦੀ ਸਾਂਝ ਦਾ ਇਹ ਗੇਟ ਮੁੜ ਖੁੱਲੇਗਾ ਤੇ ਤੱਤੀਆਂ ਹਵਾਵਾਂ ਨੂੰ ਠੱਲ੍ਹ ਪਾਏਗਾ।

ਅਸੀਂ ਗੱਲ ਕਰ ਰਹੇ ਸੀ ਨਾਨਕਸ਼ਾਹੀ ਸੰਮਤ ਦੀ। ਅੱਜ ਸੰਸਾਰ 'ਚ ਅੰਗ੍ਰੇਜ਼ੀ ਸੰਨ ਚਲਦਾ ਹੈ ਪਰ ਅੰਗ੍ਰੇਜ਼ੀ ਸੰਨ ਨਾਲ ਜੁੜਿਆਂ ਕੀ ਅਸੀਂ ਆਪਣੇ ਸੰਮਤਾਂ ਦੀ ਦਿੱਬਤਾ ਤੇ ਯਥਾਰਥਕਤਾ ਨੂੰ ਭੁੱਲ ਜਾਈਏ। ਸਾਡੇ ਸੰਮਤਾਂ ਨਾਲ ਦੇਸੀ ਮਹੀਨੇ ਤੇ ਰੁੱਤਾਂ ਦਾ ਬੜਾ ਪੀਡਾ ਸੰਬੰਧ ਹੈ। ਨਾਨਕਸ਼ਾਹੀ ਸੰਮਤ ਦੀ ਸ਼ੁਰੂਆਤ ਚੇਤ ਮਹੀਨੇ ਤੋਂ ਹੈ। ਗੁਰਬਾਣੀ ਅੰਦਰ ਦਰਜ ਬਾਰਾਮਾਹਾਂ (ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਸਾਹਿਬ ਜੀ) ਦਾ ਆਰੰਭ ਚੇਤ ਮਹੀਨੇ ਤੋਂ ਹੁੰਦਾ ਹੈ। ਚੇਤ ਕਾਇਨਾਤ ਦੇ ਖੇੜੇ ਨੂੰ ਰੂਪਮਾਨ ਕਰਦਾ ਮਹੀਨਾ ਹੈ। ਇਸ ਸਮੇਂ ਨਾ ਜ਼ਿਆਦਾ ਠੰਡ ਹੁੰਦੀ ਹੈ, ਨਾ ਬਹੁਤੀ ਗਰਮੀ। ਇੱਕ ਸੰਤੁਲਨ ਹੈ ਮੌਸਮ 'ਚ। ਪ੍ਰਕਿਰਤੀ ਖਿੜਾਓ 'ਚ ਹੈ ਤੇ ਕਣਕ ਆਦਿ ਫ਼ਸਲਾਂ ਜੋਬਨ ਵਲ ਵੱਧ ਰਹੀਆਂ ਹਨ। ਅਜਿਹੇ ਖੁਸ਼ਗਵਾਰ ਸਮੇਂ ਨਵੇਂ ਸੰਮਤ ਦਾ ਆਰੰਭ ਨਿਸ਼ਚੇ ਹੀ ਇਕ ਖੁਸ਼ਨੁਮਾ ਪੈਗ਼ਾਮ ਲੈ ਕੇ ਸਾਡੀਆਂ ਬਰੂਹਾਂ ਤੇ ਹਾਜ਼ਰ ਹੈ—ਕਿ ਝੰਮੇਲਿਆਂ-ਵਿਹਾਰਾਂ 'ਚ ਫਸੇ ਮਨੁੱਖ ਪ੍ਰਕਿਰਤੀ ਦੇ ਦੀਦਾਰ ਕਰ:

**ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥**
**ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥** (੧੧੦੭)

ਬਸੰਤ ਦੀ ਰਿਤੂ 'ਚ ਚੇਤ ਦੀ ਆਮਦ ਹੈ ਤੇ ਸੁਨੇਹਾ ਪ੍ਰਕਿਰਤੀ ਨਾਲ ਇਕਸੁਰ ਹੁੰਦਿਆਂ ਖਿੜਨ ਦਾ ਹੈ। ਬਹਾਰਾਂ 'ਚੋਂ ਇੱਕ ਨਵੇਂ ਮਹੀਨੇ ਨੇ ਹੀ ਨਹੀਂ, ਇਕ ਨਵੇਂ ਸੰਮਤ ਨੇ ਵੀ ਜਨਮ ਲਿਆ ਹੈ ਤੇ ਮਨੁੱਖ ਨੂੰ ਕੁਦਰਤ 'ਚੋਂ ਹੁੰਦੇ ਹੋਏ ਕਾਦਰ ਨਾਲ ਜੁੜਨ ਦਾ ਪਾਵਨ ਸੁਨੇਹਾ ਸੰਚਾਰਿਤ ਕੀਤਾ ਹੈ। ਇਹ ਹੈ ਸਾਡੇ ਨਵੇਂ ਸੰਮਤ ਦੀ ਖ਼ੂਬਸੂਰਤੀ ਜਦਕਿ ਠੰਡੇ ਮੁਲਕਾਂ 'ਚੋਂ ਪੈਦਾ ਹੋਏ ਸੰਨ ਨੇ ਤਾਂ ਮਨੁੱਖਤਾ ਨੂੰ ਕਾਂਬਾ ਹੀ ਛੇੜਿਆ ਹੈ। ਇੱਥੋਂ ਹੀ ਨਵੇਂ ਸੰਮਤ ਨਾਲ ਜੁੜਨ ਦਾ ਭੇਦ ਜ਼ਾਹਿਰ ਹੁੰਦਾ ਹੈ ਜੋ ਹੁਲਾਸ ਨਾਲ ਪਰਣਾਇਆ ਹੈ।

ਅੱਜ ਦਾ ਮਨੁੱਖ ਜੋ ਭੱਜ-ਦੌੜ, ਚਿੰਤਾਵਾਂ ਜਾਂ ਫਿਕਰਾਂ-ਬਿਮਾਰੀਆਂ ਦਾ ਪੱਟਿਆ ਹੈ ਤਾਂ ਨਿਸ਼ਚਿਤ ਹੈ ਉਸਨੇ ਹੁਲਾਸ ਭਰੇ ਕੁਦਰਤ ਨੂੰ ਪਰਣਾਏ ਆਪਣੇ ਸੰਮਤ ਨਾਲ ਹਾਲੇ ਨਾਤਾ ਨਹੀਂ ਜੋੜਿਆ ਹੈ ਤੇ ਇਹ ਸੱਚ ਵੀ ਹੈ। ਕੁਦਰਤੀ ਖੁਸ਼ੀਆਂ 'ਚੋਂ ਉਜਾਗਰ ਹੁੰਦਾ ਸੰਮਤ ਅੱਜ ਕਿਧਰੇ ਗੁੰਮ-ਗੁਆਚ ਗਿਆ ਹੈ। ਆਓ ਇਸ ਦੀ ਫਿਰ ਤੋਂ ਭਾਲ ਕਰੀਏ। ਜਦਕਿ ਇਹ ਤੇ ਸਾਡੇ ਅੰਗ-ਸੰਗ ਹੈ ਬਸ ਇਸ ਨੂੰ ਚਿਤਵਨਾ ਹੀ ਤੇ ਹੈ। ਚਿਤਵਨੀ 'ਚ ਖੇੜਿਆਂ ਦੇ ਸ਼ਗੂਫੇ ਪਏ ਹਨ ਜਿਨ੍ਹਾਂ ਸਹਿਜੇ ਹੀ ਮੌਲ ਪੈਣਾ ਹੈ। ਪਿਛੇ ਜਿਹੇ ਕੁਝ ਪੰਜਾਬੀ ਸੰਸਥਾਵਾਂ ਅਤੇ ਗੁਰਦੁਆਰਾ ਕਮੇਟੀਆਂ ਵੱਲੋਂ ਇਸ ਪਾਸੇ ਉਪਰਾਲੇ ਸ਼ੁਰੂ ਕੀਤੇ ਗਏ ਹਨ ਜੋ ਬੇਕੰਟਕ ਜਾਰੀ ਰਹਿਣੇ ਚਾਹੀਦੇ ਹਨ। ਆਪਣੇ ਸੰਮਤ ਨਾਲ ਜੁੜਨਾ ਕੋਈ ਨਿਰਾ-ਪੁਰਾ ਤਰੀਕ ਨਾਲ ਜੁੜਨਾ ਨਹੀਂ ਹੁੰਦਾ। ਇਹ ਤੇ ਆਪਣੀ ਜ਼ਮੀਰ ਨਾਲ ਜੁੜਨ ਵਰਗਾ ਅਹਿਸਾਸ ਹੈ। ਚੇਤ ਮਹੀਨੇ 'ਚੋਂ ਪੈਦਾ ਹੁੰਦਾ ਸੰਦੇਸ਼ ਸਾਡੇ ਲੋਕ-ਗੀਤਾਂ ਤੇ ਕਵਿਤਾਵਾਂ 'ਚ ਭਰਪੂਰਤਾ ਨਾਲ ਪੇਸ਼ ਹੋਇਆ ਹੈ:

ਇਹ ਕੇਹੇ ਦਿਨ ਆਏ ਨੀ ਜਿੰਦੇ, ਇਹ ਕੇਹੇ ਦਿਨ ਆਏ
ਗਲ ਮਹਿਕਾਂ ਦੀ ਪਾ ਕੇ ਗਾਨੀ, ਚੇਤਰ ਟੁਰਿਆ ਜਾਏ ਨੀ ਜਿੰਦੇ
ਇਹ ਕੇਹੇ ਦਿਨ ਆਏ ?

ਪੰਜਾਬੀਅਤ ਦਾ ਸ਼ਾਇਰ ਧਨੀ ਰਾਮ ਚਾਤ੍ਰਿਕ ਇਸ ਵਕਤ ਨੂੰ ਇੰਵ ਬਿਆਨ ਦਿੰਦਾ ਹੈ:

ਧਰਤੀ ਨੇ ਧਨ ਉਗਾਇਆ, ਖੀਵੀ ਹੋਈ ਬਨਸਪਤੀ ਸਾਰੀ
ਪੁੰਗਰੇ ਬਿਰਛ ਖਿੜੀ ਫੁਲਵਾੜੀ ਘਾਹ ਚਾਰਾ ਸਬਜ਼ੀ ਤਰਕਾਰੀ
ਫੱਗਣ ਦੇ ਦਿਨ ਪੂਰੇ ਹੋਏ ਚੜ੍ਹਿਆ ਚੇਤ ਨਰਾਤੇ ਆਏ
ਖਿੜੇ ਗੁਲਾਬ ਪਈਆਂ ਗੁਲਕੰਦਾਂ ਮਧੂ ਮਖੀਰ ਦੇ ਛੱਤੇ ਲਾਏ
ਸੂਹੇ ਬੇਰ ਲੁਕਾਠ ਸੰਧੂਰੀ ਸ਼ਹਿਦ ਭਰੇ ਸ਼ਹਿਤੂਤ ਬਦਾਨੇ
ਕੁਦਰਤ ਨੇ ਖੋਲੇ ਮੈਖਾਨੇ ਸਾਕੀ ਵੱਲ ਦੌੜੇ ਦੀਵਾਨੇ।

ਇਸ ਸਮੇਂ ਦੀਆਂ ਅਨੇਕਾਂ ਉਦਾਹਰਨਾਂ, ਬਰਕਤਾਂ ਸਾਡੇ ਲੇਖਕਾਂ, ਸ਼ਾਇਰਾਂ ਆਪਣੀਆਂ ਰਚਨਾਵਾਂ 'ਚ ਦਿੱਤੀਆਂ ਹਨ। ਇੰਵ ਜਾਪਦਾ ਹੈ ਕੁਦਰਤ ਨੇ ਨਵੇਂ ਸੰਮਤ ਦੀ ਆਮਦ ਨੂੰ ਆਪਣੇ ਖਿੜਾਓ ਤੇ ਸ਼ਿੰਗਾਰ ਨਾਲ ਜੀਓ-ਆਇਆਂ ਆਖਿਆ ਹੈ। ਪਰ ਅੱਜ ਮਨੁੱਖ ਆਪਣੇ ਮਉਲਦੇ ਹੋਏ ਵਿਰਸੇ ਤੇ ਕੁਦਰਤ ਤੋਂ ਬੇਮੁੱਖ ਹੈ। ਹਰ ਸਾਲ ਆਉਂਦਾ ਨਵਾਂ ਸੰਮਤ ਉਸਨੂੰ ਇਹੀ ਚਿਤਾਉਂਦਾ ਹੈ ਕਿ ਉਹ ਖਿੜਦੇ ਫੁੱਲਾਂ ਕੋਲ ਬਹਿਣਾ ਸਿੱਖੇ, ਬਸੰਤੀ ਹਵਾ ਦੇ ਰੁਮਕਿਆਂ ਨੂੰ ਮਾਣੇ, ਰਬਾਬ 'ਚੋਂ ਇਲਾਹੀ ਧੁਨਾਂ ਕੱਢੇ ਜਿਨ੍ਹਾਂ ਤੇ ਤਰੰਗਿਤ ਹੁੰਦਾ ਸ਼ਬਦ ਮਨੁੱਖੀ ਮਨ ਨੂੰ ਰੱਬੀ ਅਹਿਸਾਸ ਨਾਲ ਭਰ ਦਏ। ਇਹ ਸੱਚਮੁੱਚ ਇਲਾਹੀ ਨਾਦ ਹੈ ਜਿਹੜਾ ਪ੍ਰਭਾਤ ਵੇਲੇ ਗੁੰਜਾਇਮਾਨ ਹੋ ਕੇ ਸਮੁੱਚੀ ਕਾਇਨਾਤ ਤੇ ਛਾ ਜਾਂਦਾ ਹੈ ਪਰ ਮਨੁੱਖ ਦੀ ਹੋਣੀ ਹੈ ਕਿ ਉਹ ਇਲਾਹੀ ਨਾਦ ਤੋਂ ਵਿਛੁੰਨਿਆ ਮਾਇਆ ਅਤੇ ਪ੍ਰਭਾਵ ਵੇਲੇ ਦੀ ਨੀਂਦ 'ਚ ਘੂਕ ਸੁੱਤਾ ਹੋਇਆ ਹੈ। ਮਨੁੱਖ ਉਠ ਜਾਗ, ਦੇਖ, ਆਕਾਸ਼ ਤੇ ਲਾਲਿਮਾ ਫੁੱਟ ਪਈ ਹੈ, ਫੁੱਲਾਂ ਨੇ ਖਿੜਨਾ ਆਰੰਭ ਕਰ ਦਿੱਤਾ ਹੈ, ਮੰਦ-ਮੰਦ ਸਮੀਰ ਨੇ ਪੱਤਿਆਂ ਤੇ ਬੂਟਿਆਂ ਨੂੰ ਹਿਲੋਰਾ ਦਿੱਤਾ ਹੈ। ਤਬਲੇ ਦੀ ਥਾਪ ਤੇ ਸ਼ਬਦ-ਗਾਇਨ ਸ਼ੁਰੂ ਹੋ ਚੁੱਕਾ ਹੈ, ਆਹਾ! ਨਵਾਂ ਸੰਮਤ ਚੜ੍ਹ ਗਿਆ ਹੈ, ਚੇਤਰ ਚੜ੍ਹ ਗਿਆ ਹੈ, ਤੇ ਬਾਬੇ ਨਾਨਕ ਦੀ ਬਾਣੀ ਦੇ ਇਲਾਹੀ ਸੰਦੇਸ਼ ਨੇ ਸਮੁੱਚੀ ਕਾਇਨਾਤ ਨੂੰ ਮੁਖ਼ਾਤਿਬ ਹੁੰਦਿਆਂ ਮਉਲਣ ਦਾ ਵਰ ਦਿੱਤਾ ਹੈ:

**ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ॥**
**ਹਰਿ ਜੀਉ ਨਾਹੁ ਮਿਲਿਆ ਮਉਲਿਆ ਮਨੁ ਤਨੁ ਸਾਸੁ ਜੀਉ**(੯੨੭)

ਹੇ ਮਨੁੱਖ, ਹੁਣ ਤੂੰ ਵੀ ਮਉਲ ਤੇ ਨਵੇਂ ਸੰਮਤ (553) ਨੂੰ ਖੁਸ਼-ਆਮਦੀਦ ਆਖ।

❖ **ਮਨਿੰਦਰ ਸਿੰਘ ਸੋਨੀ**, ਮੋ. 9891591206

ਖਾਲਸਾ ਸਮਾਚਾਰ ੧੦੦ ਸਾਲ ਪਹਿਲਾਂ

ਹਫ਼ਤਾਵਾਰ ਪੰਜਾਬੀ ਪਰਚਾ

17 ਮਾਰਚ, 1921

## ਸਿੱਖ ਗੁਰਦ੍ਵਾਰਜਾਂ ਲਈ ਕਾਨੂੰਨ

14 ਮਾਰਚ ਨੂੰ ਪੰਜਾਬ ਕੌਂਸਲ ਵਿਚ ਮੀਆਂ ਫਜ਼ਲ ਹੁਸੈਨ ਨੇ ਤਜਵੀਜ਼ ਪੇਸ਼ ਕੀਤੀ ਕਿ ਇਹ ਕੌਂਸਲ ਗਵਰਨਮੈਂਟ ਪੰਜਾਬ ਅੱਗੇ ਬਿਨੈ ਕਰਦੀ ਹੈ ਕਿ ਉਹ ਬਹੁਤ ਛੇਤੀ ਇਕ ਅਜਿਹਾ ਧਰਮ ਅਰਥ ਜਾਇਦਾਦਾਂ ਦੇ ਕਾਨੂੰਨ ਬਣਾਣ ਦੀ ਤਦਬੀਰ ਕਹੇ, ਜਿਸਤੋਂ ਇਸ ਸੂਬੇ ਦੇ ਵਰਤਮਾਨ ਮਜ਼ਹਬੀ ਤੇ ਖੈਰਾਇਤੀ ਜਾਇਦਾਦਾਂ ਤੇ ਨਜ਼ਰ... ਹੋ ਸਕੇ, ਜਦ ਤਕ ਅਜੇਹਾ ਕਾਨੂੰਨ ਪਾਸ ਨਾਂ ਹੋਵੇ ਇਹ ਕੌਂਸਲ ਗਵਰਨਰ ਜਨਰਲ ਹਿੰਦ ਅੱਗੇ ਬਿਨੈ ਕਰਦੀ ਹੈ ਕਿ ਉਹ ਇਸ ਮਜ਼ਮੂਨ ਤੇ ਇਕ ਆਰਡੀਨੈਂਸ ਜਾਰੀ ਕਰੇ ਤਾਂ ਜੇ ਉਹ ਤਾਹਰੀਕ ਜੋ ਇਹਨਾਂ ਜਾਇਦਾਦਾਂ ਦੇ ਵਰਤਮਾਨ ਇੰਤਜ਼ਾਮ ਬਦਲਨ ਤੇ ਸੁਧਾਰ ਕਰਨ ਲਈ ਪ੍ਰਗਟ ਹੋਈ ਹੈ ਅਤੇ ਉਹ ਇਸ ਸੂਬੇ ਦੇ ਅਮਨ ਚੈਨ ਤੇ ਹੱਛੀ ਗਵਰਨਮੈਂਟ ਵਿਚ ਖਲਲ ਨਾ ਪਾ ਸਕੇ। ਮੀਆਂ ਫਜ਼ਲ ਹੁਸੈਨ ਨੇ ਇਕ ਲੰਮੀਂ ਚੌੜੀ ਤਕਰੀਰ ਕੀਤੀ, ਸਰਦਾਰ ਮਹਤਾਬ ਸਿੰਘ ਨੇ ਜ਼ੋਰਦਾਰ ਤਕਰੀਰ ਕੀਤੀ, ਸਿੱਖ ਮੈਂਬਰਾਂ ਨੇ ਇਸਦੇ ਹੱਕ ਜਾਂ ਵਿਰੁਧ ਰਾਵਾਂ ਨਾ ਦਿੱਤੀਆਂ ਇਹ ਰੈਜ਼ੋਲਯੂਸ਼ਨ ਪਾਸ ਹੋ ਗਿਆ।

## ਗੁਰਦਵਾਰਾ ਕਿਆਰਾ ਸਾਹਿਬ

ਸਰਕਾਰ ਵਲੋਂ ਕਮਯੂਨਕ ਨਿਕਲੀ ਹੈ ਕਿ:

ਨਨਕਾਣਾ ਸਾਹਿਬ ਤੋਂ ਰੀਪੋਰਟ ਮਿਲੀ ਹੈ ਕਿ ਕੱਲ ਸੰਧਯਾ ਨੂੰ ਝੱਬਰ ਦੇ ਸ. ਕਰਤਾਰ ਸਿੰਘ (ਜੋ ਉਸ ਕਾਨਫਰੰਸ ਦੇ ਮੈਂਬਰ ਸਨ ਜੋ ਨਨਕਾਣਾ ਸਾਹਿਬ ਵਿਚ ਮੁਕਾਮੀ ਗਵਰਨਮੈਂਟ ਤੇ ਗੁਰਦਵਾਰਾ ਕਮੇਟੀ ਦੇ ਪ੍ਰਤੀਨਿਧਾਂ ਵਿਚਕਾਰ ਕਇਮ ਹੋਈ ਸੀ) ਨੇ ਸਨੱਧ ਬੱਧ ਸਿੱਖਾਂ ਦੀ ਇਕ ਵੱਡੀ ਜਮਾਤ ਲੈ ਜਾ ਕੇ ਨਨਕਾਣੇ ਵਿਚ ਕਿਆਰਾ ਸਾਹਿਬ ਦੇ ਸਥਾਨ ਤੇ ਕਬਜ਼ਾ ਕਰ ਲਿਆ, ਕਮਿਸ਼ਨਰ ਤੇ ਡਿਪਟੀ ਕਮਿਸ਼ਨਰ ਸ਼ੇਖੂਪੁਰਾ, ਜ਼ਰੂਰੀ ਕਾਰਵਾਈ ਕਰਨ ਲਈ ਨਨਕਾਣੇ ਗਏ ਹਨ।

## ਹੁਣ ਕੀ ਕਰਨਾ ਲੋੜੀਏ

ਉੱਪਰ ਲਿਖੇ ਹਾਲਾਤ ਹਰ ਪਾਸੇ ਦੇ ਬਜ਼ਾਨਾਤ ਦੱਸਦੇ ਹਨ ਕਿ ਬੜੀ ਮੁਸ਼ਕਲ ਹਾਲਤ ਪੈਦਾ ਹੋ ਗਈ ਹੈ। ਸਰਕਾਰ ਨੇ ਕਾਨੂੰਨ ਬਣਾਉਣਾ ਸ਼ੁਰੂ ਕੀਤਾ ਹੈ, ਪਰ ਜੈਸਾ ਕਿ ਅਸੀਂ ਅੱਗੇ ਦੱਸ ਚੁੱਕੇ ਹਾਂ ਕਿ ਜੇ ਇਸ ਕਾਨੂੰਨ ਨੇ ਪਬਲਕ ਦਾ ਗੁਰਦੁਆਰਿਆਂ ਦੇ ਮਾਲਕੀ ਦਾ ਹੱਕ ਨਾ ਦਿੱਤਾ, ਸੇਵਾਦਾਰਾਂ ਨੂੰ ਸੇਵਕ ਦਾ ਦਰਜਾ ਨਾ ਦਿੱਤਾ, ਆਮਦਨ ਖਰਚ ਪੰਥਕ ਕੰਟ੍ਰੋਲ ਵਿਚ ਨਾ ਰਹੀ, ਮਹੰਤਾਂ ਦੇ ਹੱਥ ਖੁਲ੍ਹੀ ਬੇਕੁੰਡਾ ਹੀ ਰਹੀ ਤਾਂ ਇਸਤੋਂ ਸ਼ਾਂਤੀ ਨਹੀਂ ਹੋਵੇਗੀ। ਮੰਦਰ ਬਦਕਾਰੀ ਦੀ ਥਾਂ ਤੇ ਸ਼ਖਸੀ ਜਾਇਦਾਦਾਂ ਬਨ ਰਹੇ ਹਨ, ਤੇ ਪ੍ਰਸਤੁਤ ਕਰਨ ਵਾਲੇ ਬਦਸਲੂਕੀ ਨਾਲ ਸਲੂਕੇ ਜਾਂਦੇ ਹਨ, ਕਾਨੂੰਨ ਜੇ ਬਣੇ ਤਾਂ ਇਹਨਾਂ ਦਾ ਸੁਧਾਰ ਕਰੇ। ਅਸੀਂ ਵਿਸਥਾਰ ਨਾਲ ਇਸ ਵਿਸ਼ੇ 'ਤੇ ੧੦ ਫਰਵਰੀ ਦੇ ਪਰਚੇ ਵਿਚ ਰੌਸ਼ਨੀ ਪਾ ਚੁੱਕੇ ਹਾਂ। ਬਾਕੀ ਇਸ ਵੇਲੇ ਸਾਡਾ ਪੰਥ ਕੀ ਕਰੇ ਇਹ ਵਿਚਾਰ ਹੈ। ਹਰ ਘਟਨਾ ਤੋਂ, ਹਰ ਸਾਕੇ ਤੋਂ, ਹਰ ਵਾਕਿਆ ਤੋਂ ਕੁਛ ਸਬਕ ਸਿੱਖਣਾ ਚਾਹੀਏ, ਪਿਛਲੇ ਤ੍ਰੈ ਹਫਤਿਆਂ ਵਿਚ ਜੋ ਕਛੁ ਅਸਾਂ ਝੱਲਿਆ ਤੇ ਝੱਲ ਰਹੇ ਹਾਂ ਉਸਤੋਂ ਕੀ ਸਿੱਖਣਾ ਚਾਹੀਦਾ ਹੈ?

(੧) ਕੌਮ ਜਥੇਬੰਦ ਹੋਵੇ, ਸਿੱਖ ਦਾ ਸਿੱਖ ਨਾਲ ਪਯਾਰ ਹੋਵੇ, ਸਿੱਖ ਦੇ ਸੀਨੇ ਵਿਚ ਸੱਕੇ ਭਰਾਵਾਂ ਵਾਲਾ ਪਯਾਰ ਹੋਵੇ, ਜੋ ਪੁਰਾਣੇ ਸਿੱਖਾਂ ਦਾ ਇਕ ਨੇਮ ਹੁੰਦਾ ਸੀ ਉਹ ਮੁੜ ਸਾਡੇ ਵਿਚ ਆ ਜਾਵੇ ਕਿ 'ਸਿੱਖ ਕਦੇ ਸਿੱਖ ਦਾ ਮੂੰਹ ਨਾ ਫਿਟਕਾਰੇ'। ਦੂਸਰੇ ਲੋਕਾਂ ਦੇ ਰੀਸੇ ਖਾਲਸਾ ਜੀ ਆਪੋ ਵਿਚ ਗਾਲ ਮੰਦਾ ਸ਼ੁਰੂ ਕਰ ਬੈਠੇ ਹਨ ਛੱਡ ਦੇਣ, ਆਪਣੇ ਨਿੱਕੇ ਫਰਕ ਅੰਦਰ ਵੜਕੇ ਨਜਿੱਠ ਲੈਣ। ਸਿੱਖ ਪੁਲਪਿਟ (ਲੈਕਚਰ ਆਦਿ) ਸਿੱਖ ਪ੍ਰੈਸ (ਅਖਬਾਰ ਆਦਿ) ਸਿੱਖਾਂ ਦੀ ਨਿੰਦਯਾ ਬਿਲਕੁਲ ਨਾ ਕਰਨ ਤੇ ਕੌਮ ਨੂੰ ਇਕ ਜਾਨ ਹੋਣਾ, ਭਰਾ ਭਰਾ ਲਈ ਲਹੂ ਡੋਹਲਣਾ ਸਿਖਾ ਦੇਣ। ਰਾਵਾਂ ਦੇ ਇਖਤਲਾਫ ਦਾ ਸਹਾਰਾ ਕੀਤਾ ਜਾਵੇ। ਭੰਡਣਾ, ਨਿੰਦਣਾ, ਕਤਈ ਬੰਦ ਕੀਤਾ ਜਾਵੇ। ਸਾਡੇ ਤੇ ਬੜਾ ਤੰਗੀ ਦਾ ਵਕਤ ਹੈ। ਅਸੀਂ ਥੋੜੇ ਹਾਂ, ਗਰੀਬ ਹਾਂ, ਅਨਪੜ੍ਹ ਹਾਂ, ਧਰਮ ਭਾਵ ਤੇ ਬਾਹਾਂ ਵਿਚ ਸਾਹਸ ਵਾਲੇ ਹੋਣ ਕਰਕੇ "ਛੇਤੀ ਅਮਲ" ਕਰਨ ਵਲ ਝੁਕਣ ਦੇ ਸੁਭਾਵ ਵਾਲੇ ਹਾਂ। ਸਾਡੇ ਵਿਚ ਸੱਕੇ ਭਰਾਵਾਂ ਵਾਲਾ ਪਯਾਰ ਚਾਹੀਏ, ਪਿਛਲੇ ਵੈਰਾਂ ਨੂੰ ਭੁੱਲ ਜਾਓ, ਸਾਰੇ ਫਰਕਾਂ ਨੂੰ ਮੇਟ ਦਿਓ, ਮਾਫ਼ ਕਰੋ ਆਪੋ ਵਿਚ ਤੇ ਇਕ ਜਾਨ ਹੋ ਜਾਓ, ਜੇ ਏਹ ਨਹੀਂ ਕਰੋਗੇ ਤਾਂ ਕੌਮ ਦੀ ਹਸਤੀ ਸਖਤ ਖਤਰੇ ਵਿਚ ਹੈ। ਜਿੰਨਾ ਸੋਚੋਗੇ ਉਨੀ ਵਧੀਕ ਇਹ ਗੱਲ ਜ਼ਰੂਰੀ ਸਮਝੋਗੇ।

(੨) ਅਨਮਤੀਆਂ ਨੂੰ ਅਪਨਾ ਆਗੂ ਨਾ ਬਨਾਓ, ਸਿੱਖ ਸਿੱਖਾਂ ਦੀ ਅਗਵਾਈ ਵਿਚ ਤੁਰਨ, ਪੱਛਮੀ ਲੋਕਾਂ ਦੇ ਰੀਸੇ ਬੇ-ਸਤਕਾਰੀ ਵਾਲੀ ਜਥੇਬੰਦੀ ਨਾ ਕਰੋ। ਅਪਨੇ ਵੱਡਿਆਂ ਵਾਂਗੂ ਜਥੇਬੰਦ ਹੋਕੇ ਸਿੱਖ ਜਥੇਦਾਰੀ ਵਿੱਚ ਟੁਰੋ, ਜੋ ਪੀੜ ਸਿੱਖ ਜਥੇਦਾਰ ਨੂੰ ਅਪਨੀ ਕੋਮ ਦੇ ਫਰਦਾਂ ਦੀ ਹੈ ਉਹ ਅਨਮਤੀ ਨੂੰ ਨਹੀਂ ਹੋ ਸਕਦੀ। ਆਪੋ ਵਿਚ ਜਥੇਬੰਦ ਹੋਕੇ, ਸਿੱਖ ਅਗਵਾਈ ਵਿਚ ਤੁਰਕੇ ਫਿਰ ਹਮਸਾਇਆਂ ਤੇ ਹੋਰਨਾਂ ਨਾਲ ਜਿਵੇਂ ਸਾਂਝੀ ਆਵਾਜ਼ ਹੋਵੇ ਵਰਤੋ। ਪਰ ਵਿਕੋਲਿਤ੍ਰੇ ਖਿੰਡੇ ਫੁੱਟੇ ਰਹਕੇ ਅਪਨਿਆਂ ਨੂੰ ਰੱਦਕੇ ਓਪਰਿਆਂ ਨੂੰ ਅੱਗੇ ਲਾ ਕੇ ਇਕ ਐਸੀ ਹਾਲਤ ਨਾ ਪੈਦਾ ਕਰ ਲਓ ਜਿਸਨੂੰ ਬੇਥਵੀ ਹਾਲਤ ਕਿਹਾ ਜਾਵੇ। ਸਿੱਖ ਲੀਡਰੀ ਵਿਚ ਜਥੇਬੰਦ ਹੋਵੇ ਇਹ ਪਹਿਲੀ ਲੋੜ ਹੈ, ਹੋਰ ਮਗਰੋਂ ਹੈ। ਵਾਸਤੇ ਗੁਰੂ ਦੇ ਅੰਮ੍ਰਿਤ ਛੱਕ ਕੇ, ਅੰਮ੍ਰਿਤਧਾਰੀ ਦੇ ਮਗਰ ਲੱਗੋ "ਖਾਲਸਾ" ਆਦਰਸ਼ ਨੂੰ ਸਮਝੋ ਜੋ ਸਭ ਤੋਂ ਉੱਚਾ ਹੈ ਤੇ "ਖਾਲਿਸਾ" ਹੋ ਕੇ ਜੇ ਇਕ ਆਵਾਜ਼ ਇਕ ਦਿਮਾਗ ਨਾਲ ਇਕ ਜਾਨ ਹੋ ਕੇ ਟੁਰੋ ਤੇ ਫੇਰ ਜਗਤ ਨਾਲ ਵਰਤੋ। ਦੂਸਰੀਆਂ ਹਮਸਾਈ ਕੌਮਾਂ ਨਾਲ ਹਿਤ ਕਰੇ ਪਰ ਆਪੋ ਵਿਚ ਇਕ ਹੋ ਕੇ।

(੩) ਗੁਰਬਾਣੀ ਭਜਨ ਦਾ ਪਯਾਰ ਸਾਡੇ ਵਿਚ ਘਟ ਰਿਹਾ ਹੈ ਪਰ ਅਜੇ ਵੀ ਧਰਮ ਕੁਝ ਸਾਡੇ ਵਿਚ ਹੈ। ਗੁਰਬਾਣੀ ਦਾ ਪਯਾਰ ਹੋਰ ਵਧਾਓ, ਚਾਲ ਚੱਲਨ ਦੀ ਕਦਰ ਕਰੋ। ਇਸ ਉਤਸ਼ਾਹ ਨਾਲ ਦਿਲ ਦੇ ਵੱਡੇ ਤੇ ਸਾਹਸੀ ਹੁੰਦੇ ਹੋਏ ਦਿਮਾਗ ਹੋਰ ਵੱਡਾ ਕਰੋ, ਹਰ ਮਾਮਲੇ ਵਿਚ ਦਿਮਾਗ ਵਿਚਾਰੇ ਦੂਰੰਦੇਸੀ ਮਾਮਲਾ ਫਹਮੀ, ਪਰਸਪਰ ਪਯਾਰ ਭਰੀ ਵਿਚਾਰ ਨੂੰ ਖਾਸ ਥਾਂ ਅਪਣੇ ਕੰਮਾਂ ਵਿਚ ਦਿਓ। ਸਾਡਾ ਵਾਹ ਚਾਰ ਚੁਫੇਰੇ ਬੜੀ ਤ੍ਰਿੱਖੀ ਅਕਲ ਵਾਲੇ ਲੋਕਾਂ ਨਾਲ ਹੈ ਸਾਨੂੰ ਬੀ ਅਕਲ ਤ੍ਰਿੱਖੀ ਲੋੜੀਏ, ਪਰ ਸਦੀਵ "ਸੱਚ" ਦੇ ਰੌਸ਼ਨ ਮੁਨਾਰੇ ਤੇ ਨਜ਼ਰ ਜਮਾਕੇ, ਅਸਾਂ "ਸੱਚ" ਤੇ ਟਿਕ ਕੇ ਅਕਲ ਨੂੰ ਪੂਰੀ ਤਰਾਂ ਵਰਤਣਾ ਹੈ।

(੪) ਜਦ ਤਕ ਸਿਰੋਮਣੀ ਗੁਰਦੁਆਰਾ ਕਮੇਟੀ ਆਗਯਾ ਨਾ ਦੇਵੇ ਕਿਸੇ ਗੁਰਦੁਆਰੇ ਤੇ ਕਬਜ਼ਾ ਨਾ ਕਰੋ। ਬਿਨਾਂ ਜਥੇਬੰਦੀ ਦੀ ਆਗਯਾ ਤੇ ਬਿਨਾਂ ਜਥੇਦਾਰ ਦੇ ਆਖੇ ਤੇ ਨਾਂ ਟੁਰੋ, ਜੋ ਕੰਮ ਕਰੋ ਕਮੇਟੀ ਦੀ ਆਗਯਾ ਲੈ ਕੇ ਕਰੇ। ਸਮੇਂ ਨੇ ਰੰਗ ਵਟਾ ਲਿਆ ਹੈ। ਤੁਸੀਂ ਬੀ ਜਥੇਬੰਦੀ ਦੀ ਆਗਯਾ ਤੋਂ ਪਰ ਬਾਹਰੇ ਨਾ ਟੁਰੋ। ਸਰਕਾਰੀ ਖੇਚਲਾਂ ਤੋਂ ਇਲਾਵਾ ਜੇ ਕਮੇਟੀ ਦੀ ਆਗਯਾ ਬਿਨਾਂ ਹਰ ਕਿਸੇ ਨੂੰ ਖੁਲ੍ਹ ਹੋਈ ਤਾਂ ਕਈ ਭੇਤੀ ਲੋਕ ਆਪਣੀ ਖੁਦਗਰਜ਼ੀ ਦੇ ਕੰਮ ਕਰਨਗੇ ਤੇ ਬਦਨਾਮ ਸਿੱਖਾਂ ਨੂੰ ਕਰਨਗੇ।

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੭੭, ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੫੨੫}

(ਵਡਹੰਸੁ ਮਹਲਾ ੫, ਛੰਤ ੨-੧੯)

**ਮੂਲ** | **ਅਰਥ**

ਸਲੋਕੁ॥ ਕਿਆ ਸੁਣੇਦੋ ਕੂੜੁ ਵੰਞਨਿ ਪਵਣ ਝੁਲਾਰਿਆ॥ ਨਾਨਕ ਸੁਣੀਅਰ ਤੇ ਪਰਵਾਣੁ ਜੋ ਸੁਣੇਦੇ ਸਚੁ ਧਣੀ॥੧॥ ਛੰਤੁ॥ ਤਿਨ ਘੋਲਿ ਘੁਮਾਈ ਜਿਨ ਪ੍ਰਭੁ ਸ੍ਰਵਣੀ ਸੁਣਿਆ ਰਾਮ॥ ਸੇ ਸਹਜਿ ਸੁਹੇਲੇ ਜਿਨ ਹਰਿ ਹਰਿ ਰਸਨਾ ਭਣਿਆ ਰਾਮ॥ ਸੇ ਸਹਜਿ ਸੁਹੇਲੇ ਗੁਣਹ ਅਮੋਲੇ ਜਗਤ ਉਧਾਰਨ ਆਏ॥ ਭੈ ਬੋਹਿਥ ਸਾਗਰ ਪ੍ਰਭ ਚਰਣਾ ਕੇਤੇ ਪਾਰਿ ਲਘਾਏ॥ ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ ਤਿਨ ਕਾ ਲੇਖਾ ਨ ਗਣਿਆ॥ ਕਹੁ ਨਾਨਕ ਤਿਸੁ ਘੋਲਿ ਘੁਮਾਈ ਜਿਨਿ ਪ੍ਰਭੁ ਸ੍ਰਵਣੀ ਸੁਣਿਆ॥੧॥

(ਹੇ ਮਨ! ਤੂੰ) ਝੂਠੇ (ਪਦਾਰਥਾਂ ਦੀਆਂ ਗੱਲਾਂ) ਕੀਹ ਸੁਣਦਾ ਹੈਂ? (ਏਹ ਪਦਾਰਥ ਤਾਂ ਐਉਂ ਉਡ ਜਾਂਦੇ ਹਨ ਜਿਵੇਂ) ਹਵਾ ਦੇ ਬੁੱਲੇ। ਹੇ ਨਾਨਕ! ਓਹ ਕੰਨ (ਸੱਚੇ ਦਰ) ਪਰਵਾਨ ਹੁੰਦੇ ਹਨ ਜੋ ਸੱਚੇ ਮਾਲਕ (ਦਾ ਜਸ ਤੇ ਨਾਮ) ਸੁਣਦੇ ਹਨ॥੧॥ (ਮੈਂ) ਉਨ੍ਹਾਂ ਤੋਂ ਸਦਕੇ ਹਾਂ ਜਿਨ੍ਹਾਂ ਨੇ ਪ੍ਰਭੂ ਕੰਨਾਂ ਨਾਲ ਸੁਣਿਆ ਹੈ (ਤੇ ਨਾਲ) ਜਿਨ੍ਹਾਂ ਨੇ ਰਸਨਾਂ ਤੋ ਹਰਿ ਹਰਿ (ਨਾਮ ਭਣਿਆ=) ਉਚਾਰਿਆ ਹੈ, ਓਹ ਸਹਜੇ ਹੀ ਸੁਖੀ ਹੋ ਜਾਂਦੇ ਹਨ। (ਹਾਂ), ਓਹ ਸਹਜੇ ਹੀ ਸੁਖੀ ਹਨ, (ਓਹ) ਗੁਣਾਂ ਕਰਕੇ ਅਮੋਲਕ ਹਨ, (ਓਹ ਤਾਂ) ਜਗਤ ਦਾ ਨਿਸਤਾਰਾ ਕਰਨੇ ਲਈ ਆਏ ਹਨ। (ਉਨ੍ਹਾਂ ਨੇ) ਕਿਤਨੇ ਹੀ (ਸੰਸਾਰ ਰੂਪੀ) ਭੈ ਸਾਗਰ ਤੋਂ, ਪ੍ਰਭੂ ਦੇ ਚਰਣ (ਰੂਪੀ) ਜਹਾਜ਼ ਤੇ ਚੜ੍ਹਾਕੇ ਪਾਰ ਕੀਤੇ ਹਨ। (ਹਾਂ) ਜਿਨ੍ਹਾਂ ਉਤੇ ਮੇਰੇ ਮਾਲਕ ਨੇ ਕਿਰਪਾ ਕੀਤੀ ਹੈ, ਉਨ੍ਹਾਂ ਦਾ ਲੇਖਾ (ਪ੍ਰਭੂ ਨੇ ਫੇਰ) ਨਹੀਂ ਗਿਣਿਆ। ਕਹਿੰਦੇ ਹਨ (ਸ੍ਰੀ ਗੁਰੂ) ਨਾਨਕ (ਦੇਵ ਜੀ) ਮੈਂ ਉਸ ਤੋਂ ਵਾਰਨੇ ਜਾਂਦਾ ਹਾਂ ਜਿਸ ਨੇ ਪ੍ਰਭੂ (ਦਾ ਨਾਮ ਐਉਂ) ਸੁਣਿਆ ਹੈ॥੧॥

ਸਲੋਕੁ॥ ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ॥ ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥੧॥ ਛੰਤੁ॥ ਜਿਨੀ ਹਰਿ ਪ੍ਰਭੁ ਡਿਠਾ ਤਿਨ ਕੁਰਬਾਣੇ ਰਾਮ॥ ਸੇ ਸਾਚੀ ਦਰਗਹ ਭਾਣੇ ਰਾਮ॥ ਠਾਕੁਰਿ ਮਾਨੇ ਸੇ ਪਰਧਾਨੇ ਹਰਿ ਸੇਤੀ ਰੰਗਿ ਰਾਤੇ॥ ਹਰਿ ਰਸਹਿ ਅਘਾਏ ਸਹਜਿ ਸਮਾਏ ਘਟਿ ਘਟਿ ਰਮਈਆ ਜਾਤੇ॥ ਸੇਈ ਸਜਣ ਸੰਤ ਸੇ ਸੁਖੀਏ ਠਾਕੁਰ ਅਪਣੇ ਭਾਣੇ॥ ਕਹੁ ਨਾਨਕ ਜਿਨ ਹਰਿ ਪ੍ਰਭੁ ਡਿਠਾ ਤਿਨ ਕੈ ਸਦ ਕੁਰਬਾਣੇ॥੨॥

ਅੱਖਾਂ ਨਾਲ (ਮੈਂ) ਪ੍ਰਕਾਸ਼ (ਸਰੂਪ ਪ੍ਰਭੂ) ਨੂੰ ਡਿੱਠਾ ਹੈ, ਪਰ ਤ੍ਰੇਹ ਨਹੀਂ ਬੁਝਦੀ, (ਸਗੋਂ) ਮੇਰੀ (ਪਿਆਸ) ਬਹੁਤੀ (ਹੋ ਰਹੀ ਹੈ)। ਹੇ ਨਾਨਕ! ਓਹ ਅੱਖਾਂ ਹੋਰ ਹਨ ਜਿਨ੍ਹਾਂ ਨਾਲ ਮੇਰਾ ਪਿਆਰ ਦਿੱਸਦਾ ਹੈ॥੪॥੧॥ ਜਿਨ੍ਹਾਂ ਨੇ (ਇਨ੍ਹਾਂ ਬਿਅੰਨ ਅੱਖਾਂ) ਨਾਲ ਹਰੀ ਪ੍ਰਭੂ ਨੂੰ ਵੇਖਿਆ ਹੈ (ਮੈਂ) ਉਨ੍ਹਾਂ ਤੋਂ ਸਦਕੇ ਹਾਂ: ਓਹ ਸੱਚੀ ਦਰਗਾਹ ਵਿਚ ਪਸੰਦ ਕੀਤੇ ਗਏ ਹਨ। (ਹਾਂ) ਓਹ ਮੁਖੀਏ ਹੋਏ ਹਨ ਜੋ ਠਾਕੁਰ ਨੇ ਮਾਨੇ (=ਪਰਵਾਣ) ਕੀਤੇ ਹਨ: (ਓਹ) ਹਰੀ ਦੇ ਨਾਲ ਪ੍ਰੇਮ ਦੁਆਰਾ ਰੱਤੇ ਰਹਿੰਦੇ ਹਨ। ਓਹ ਹਰੀ ਰਸ ਵਿਚ ਤ੍ਰਿਪਤ ਹੋਏ ਸਹਜ ਵਿਚ ਸਮਾਏ ਹੋਏ ਹਿਰਦੇ ਹਿਰਦੇ ਵਿਚ ਵਾਹਿਗੁਰੂ ਨੂੰ ਜਾਣਨਹਾਰ ਹੋਏ ਹਨ। ਓਹੀ ਸੰਤ ਹਨ, (ਸਭ ਦੇ) ਸੱਜਣ ਹਨ ਤੇ ਸੁਖੀ ਹਨ, (ਜੋ) ਆਪਣੇ ਠਾਕੁਰ ਨੂੰ ਭਾਏ ਹਨ। ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ ਐਉਂ) ਜਿਨ੍ਹਾਂ ਨੇ ਹਰੀ ਪ੍ਰਭੂ ਨੂੰ ਡਿੱਠਾ ਹੈ (ਮੈਂ) ਉਨ੍ਹਾਂ ਤੋਂ ਸਦਾ ਸਦਕੇ ਹਾਂ॥੨॥

ਸਲੋਕੁ॥ ਦੇਹ ਅੰਧਾਰੀ ਅੰਧ ਸੁੰਞੀ ਨਾਮ ਵਿਹੂਣੀਆ॥ ਨਾਨਕ ਸਫਲ ਜਨੰਮੁ ਜੈ ਘਟਿ ਵੁਠਾ ਸਚੁ ਧਣੀ॥੧॥ਛੰਤੁ॥ਤਿਨ ਖੰਨੀਐ ਵੰਞਾਂ ਜਿਨ ਮੇਰਾ ਹਰਿ ਪ੍ਰਭੁ ਡੀਠਾ ਰਾਮ॥ ਜਨ ਚਾਖਿ ਅਘਾਣੇ ਹਰਿ ਹਰਿ ਅੰਮ੍ਰਿਤੁ ਮੀਠਾ ਰਾਮ॥ ਹਰਿ ਮਨਹਿ ਮੀਠਾ ਪ੍ਰਭੂ ਤੂਠਾ ਅਮਿਉ ਵੂਠਾ ਸੁਖ ਭਏ॥ ਦੁਖ ਨਾਸ ਭਰਮ ਬਿਨਾਸ ਤਨ ਤੇ ਜਪਿ ਜਗਦੀਸ ਈਸਹ ਜੈ ਜਏ॥ ਮੋਹ ਰਹਤ ਬਿਕਾਰ ਥਾਕੇ ਪੰਚ ਤੇ ਸੰਗੁ ਤੂਟਾ॥ ਕਹੁ ਨਾਨਕ ਤਿਨ ਖੰਨੀਐ ਵੰਞਾ ਜਿਨ ਘਟਿ ਮੇਰਾ ਹਰਿ ਪ੍ਰਭੁ ਵੂਠਾ॥੩॥

(ਪਿਛਲੇ ਸ਼ਲੋਕ ਵਿਚ ਦੱਸੇ ਮੁਤਾਬਕ ਜਿਨ੍ਹਾਂ ਨੇ ਹਰਿ ਪ੍ਰਭੂ ਨਹੀਂ ਡਿੱਠਾ ਓਨ੍ਹਾਂ ਦੀ) ਦੇਹ ਅੰਨ੍ਹੀ ਹੈ। (ਹਾਂ, ਓਹ ਸਚਮੁਚ) ਅੰਨ੍ਹੀ ਹੈ, (ਕਿਉਂਕਿ ਓਹ) ਨਾਮ ਤੋਂ ਸੱਖਣੀ ਹੋਣ ਕਰਕੇ ਸੁੰਞੀ ਹੈ। (ਹਾਂ, ਪਰ ਪਿਛਲੇ ਸ਼ਲੋਕ ਵਿਚ ਦੱਸੇ ਮੁਤਾਬਕ ਓਸ ਦਾ) ਜਨਮ ਸਫਲ ਹੈ ਜਿਸ ਦੇ ਹਿਰਦੇ ਵਿਚ ਸੱਚਾ ਮਾਲਕ ਵਸਦਾ ਹੈ, ਹੇ ਨਾਨਕ॥੧॥ (ਮੈਂ) ਉਨ੍ਹਾਂ ਉਤੋਂ ਸਦਕੇ ਹੋ ਜਾਵਾਂ ਜਿਨ੍ਹਾਂ ਨੇ ਮੇਰਾ ਹਰੀ ਪ੍ਰਭੂ ਦੇਖਿਆ ਹੈ। ਓਹ (ਪੁਰਖ) ਹਰਿ ਹਰਿ (ਨਾਮ ਰੂਪੀ) ਮਿੱਠਾ ਅੰਮ੍ਰਿਤ ਚਖ ਚਖ ਕੇ ਤ੍ਰਿਪਤ ਹੋਏ ਹਨ। (ਹਾਂ, ਜਿਨ੍ਹਾਂ ਦੇ) ਮਨ ਵਿਚ ਮਿੱਠਾ ਪ੍ਰਭੂ ਤ੍ਰੁੱਠਿਆ ਹੈ (ਓਥੇ) ਅੰਮ੍ਰਿਤ ਵਸ ਪਿਆ ਹੈ (ਅਤੇ ਸਾਰੇ) ਸੁਖ ਹੋ ਗਏ ਹਨ, (ਕਿਉਂਕਿ ਉਨ੍ਹਾਂ ਨੇ) ਜਗਤ ਦੇ ਈਸ਼੍ਵਰ ਦਾ ਸਿਮਰਨ ਕੀਤਾ ਹੈ, (ਇਸ ਲਈ ਉਨ੍ਹਾਂ ਦੇ ਮਨ ਤੋਂ) ਭਰਮ ਮਿਟ ਗਏ ਹਨ ਤੇ ਤਨ ਤੋਂ ਦੁੱਖ ਨਾਸ਼ ਹੋ ਗਏ ਹਨ (ਤੇ ਤ੍ਰਿਲੋਕੀ ਵਿਚ ਉਨ੍ਹਾਂ ਦਾ) ਜੈ ਜੈ ਕਾਰ ਹੋਇਆ ਹੈ। (ਓਹ) ਮੋਹ ਤੋਂ ਰਹਿਤ ਹੋ ਗਏ ਹਨ, (ਉਨ੍ਹਾਂ ਦੇ) ਵਿਕਾਰ ਥੱਕ ਗਏ ਹਨ, (ਅਰਥਾਤ ਵਿਕਾਰ ਦੂਰ ਹੋ ਗਏ ਹਨ ਤੇ ਕਾਮ ਕ੍ਰੋਧ ਆਦੀ) ਪੰਜਾਂ ਤੋਂ (ਉਨ੍ਹਾਂ ਦਾ) ਸੰਗ ਤ੍ਰੁੱਟ ਗਿਆ ਹੈ। ਕਹਿੰਦੇ ਹਨ ਗੁਰੂ ਨਾਨਕ (ਦੇਵ ਜੀ ਮੈਂ) ਉਨ੍ਹਾਂ ਤੋਂ ਟੋਟੇ ਟੋਟੇ ਹੋਕੇ ਸਦਕੇ ਹੋ ਜਾਵਾਂ ਜਿਨ੍ਹਾਂ ਦੇ ਹਿਰਦੇ ਵਿਚ ਮੇਰਾ ਹਰੀ ਪ੍ਰਭ ਵੱਸ ਪਿਆ ਹੈ॥੩॥

ਸਲੋਕੁ॥ ਜੋ ਲੋੜੀਦੇ ਰਾਮ ਸੇਵਕ ਸੇਈ ਕਾਂਢਿਆ॥ ਨਾਨਕ ਜਾਣੇ ਸਤਿ ਸਾਂਈ ਸੰਤ ਨ ਬਾਹਰਾ॥੧॥ ਛੰਤੁ॥ ਮਿਲਿ ਜਲੁ ਜਲਹਿ ਖਟਾਨਾ ਰਾਮ॥ ਸੰਗਿ ਜੋਤੀ ਜੋਤਿ ਮਿਲਾਨਾ ਰਾਮ॥ ਸੰਮਾਇ ਪੂਰਨ ਪੁਰਖ ਕਰਤੇ ਆਪਿ ਆਪਹਿ ਜਾਣੀਐ॥ ਤਹ ਸੁੰਨ ਸਹਜਿ ਸਮਾਧਿ ਲਾਗੀ ਏਕੁ ਏਕੁ ਵਖਾਣੀਐ॥ ਆਪਿ ਗੁਪਤਾ ਆਪਿ ਮੁਕਤਾ ਆਪਿ ਆਪੁ ਵਖਾਨਾ॥ ਨਾਨਕ ਭ੍ਰਮ ਭੈ ਗੁਣ ਬਿਨਾਸੇ ਮਿਲਿ ਜਲੁ ਜਲਹਿ ਖਟਾਨਾ॥੪॥੨॥

ਰਾਮ ਦੇ ਸੇਵਕ ਓਹੀ ਆਖੀਦੇ ਹਨ ਜੋ ਰਾਮ ਨੂੰ (ਸਦਾ) ਲੋਚਦੇ ਹਨ। ਹੇ ਨਾਨਕ! ਸਤਿ ਕਰਕੇ ਜਾਣ ਕਿ ਵਾਹਿਗੁਰੂ ਸੰਤਾਂ ਤੋਂ ਵੱਖਰਾ ਨਹੀਂ ਹੈ॥੧॥ (ਜਿਵੇਂ) ਜਲ ਜਲ ਵਿਚ ਮਿਲਕੇ ਇਕ ਰੂਪ ਹੋ ਜਾਂਦਾ ਹੈ (ਤਿਵੇਂ) ਸੰਤਾਂ ਦੀ ਜੋਤ ਜੋਤੀ ਸਰੂਪ ਵਾਹਿਗੁਰੂ ਨਾਲ ਮਿਲ ਜਾਂਦੀ ਹੈ। ਪੂਰਨ ਪੁਰਖ ਕਰਤਾਰ ਵਿਚ ਸਮਾਏ ਹੋਏ (ਓਹ) ਆਪਣੇ ਆਪ ਨੂੰ (ਤਦਰੂਪ) ਜਾਣ ਲੈਂਦੇ ਹਨ। ਓਥੇ ਸੁੰਨ ਵਿਚ ਸਹਜੇ ਹੀ ਸਮਾਧੀ ਲਗ ਜਾਂਦੀ ਹੈ, (ਓਹ ਸੁੰਨ ਅਣਹੋਂਦ ਨਹੀਂ, ਉਸ ਨੂੰ) ਆਖੀਦਾ ਹੈ ਇਕ ਇਕ। (ਓਹ ਇਕ) ਆਪੇ ਗੁਪਤ (ਵਰਤਦਾ ਹੈ), (ਓਹ) ਆਪ ਹੀ ਆਪ ਨੂੰ ਵਰਣਨ ਕਰਦਾ ਹੈ। ਹੇ ਨਾਨਕ! (ਉਸ ਅਵਸਥਾ ਵਿਚ) ਭਰਮ ਭੈ (ਤੇ ਤ੍ਰੈ) ਗੁਣ ਨਾਸ਼ ਹੋ ਜਾਂਦੇ ਹਨ, (ਇਸ ਕਰਕੇ ਉਸ ਮੇਲ ਨੂੰ ਕਹੀਦਾ ਹੈ ਕਿ) ਜਲ ਵਿਚ ਜਲ ਮਿਲਕੇ ਤਦਰੂਪ ਹੋ ਗਿਆ ਹੈ॥੪॥੨॥

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2021-22-23
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਪ੍ਰੋ. ਹਰਬੰਸ ਸਿੰਘ ਦੀ ਜਨਮ-ਸ਼ਤਾਬਦੀ ਤੇ ਹੋਇਆ ਲੈਕਚਰ

ਨਵੀਂ ਦਿੱਲੀ, 6 ਮਾਰਚ 2021 : ਨੈਸ਼ਨਲ ਇੰਸਟੀਟਿਊਟ ਆਫ਼ ਪੰਜਾਬ ਸਟਡੀਜ਼, ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਉੱਘੇ ਵਿਦਵਾਨ 'ਤੇ ਸੰਸਥਾਵਾਂ ਦੇ ਸਿਰਜਕ ਪ੍ਰੋ. ਹਰਬੰਸ ਸਿੰਘ ਦੀ ਜਨਮ-ਸ਼ਤਾਬਦੀ ਤੇ ਲੈਕਚਰ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਪ੍ਰੋ. ਹਰਬੰਸ ਸਿੰਘ ਡਿਪਾਰਟਮੈਂਟ ਆਫ਼ ਐਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਮੁਖੀ ਪ੍ਰੋ.ਪਰਮਵੀਰ ਸਿੰਘ ਅਤੇ ਡਿਪਾਰਟਮੈਂਟ ਆਫ਼ ਗਲੋਬਲ ਸਟਡੀਜ਼, ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਸਾਂਤਾ ਬਾਰਬਰਾ ਦੇ ਪ੍ਰੋ. ਮਾਰਕ ਜਰਗਨਜ਼ਮੇਅਰ ਨੇ ਵਿਚਾਰ ਸਾਂਝੇ ਕੀਤੇ। ਇਸਦੀ ਪ੍ਰਧਾਨਗੀ ਰਾਜ ਸਭਾ ਦੇ ਸਾਬਕਾ ਮੈਂਬਰ ਅਤੇ ਨੈਸ਼ਨਲ ਕਮਿਸ਼ਨ ਫਾਰ ਮਾਨਿਓਰੀਟੀਜ਼ ਦੇ ਸਾਬਕਾ ਚੇਅਰਮੈਨ ਸ. ਤਰਲੋਚਨ ਸਿੰਘ ਨੇ ਕੀਤੀ। ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਪ੍ਰੋਗਰਾਮ ਦਾ ਸੁਚਾਰੂ ਸੰਚਾਲਨ ਕਰਦਿਆਂ ਸਭ ਨੂੰ ਜੀਓ-ਆਇਆਂ ਕਿਹਾ ਅਤੇ ਵਕਤਿਆਂ ਨਾਲ ਸੰਖਿਪਤ ਪਰਿਚੈ ਕਰਾਇਆ। ਉਹਨਾਂ ਪੀ.ਪੀ.ਟੀ ਰਾਹੀਂ ਪ੍ਰੋ. ਹਰਬੰਸ ਸਿੰਘ ਨੂੰ ਆਪਣੇ ਸਮੇਂ ਦਾ ਅਜਿਹੀ ਅਜ਼ੀਮ ਸ਼ਖ਼ਸੀਅਤ ਦੱਸਿਆ ਜੋ ਇਕ ਉੱਘੇ




ਪ੍ਰੋ. ਹਰਬੰਸ ਸਿੰਘ ਦੀ ਆਪਣੇ ਪਰਿਵਾਰ ਨਾਲ ਇਕ ਯਾਦਗਾਰੀ ਤਸਵੀਰ।

ਵਿਦਵਾਨ, ਇਕ ਵਿਲੱਖਣ ਅਧਿਆਪਕ ਹੋਣ ਦੇ ਨਾਲ ਪ੍ਰਬੰਧ ਕੁਸ਼ਲਤਾ ਪੱਖੋਂ ਵੀ ਮਾਹਿਰ ਸਨ। ਭਾਸ਼ਾ ਤੇ ਆਧਾਰਿਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਕਾਇਮੀ ਤੋਂ ਇਲਾਵਾ **ਸਿੱਖ ਵਿਸ਼ਵਕੋਸ਼** ਦਾ ਨਿਰਮਾਣ ਉਹਨਾਂ ਦੀ ਪ੍ਰਮੁੱਖ ਉਪਲਭਦੀਆਂ ਹਨ। ਉਪਰੰਤ ਪ੍ਰੋ. ਪਰਮਵੀਰ ਸਿੰਘ ਨੇ ਸਿੱਖ ਧਰਮ ਤੇ ਇਤਿਹਾਸ ਦੇ ਉੱਘੇ ਪ੍ਰੋਫੈਸਰ ਹਰਬੰਸ ਸਿੰਘ ਨੂੰ




ਪ੍ਰੋ. ਮਾਰਕ ਜਰਗਨਜ਼ਮੇਅਰ



ਸ. ਤਰਲੋਚਨ ਸਿੰਘ



ਪ੍ਰੋ. ਪਰਮਵੀਰ ਸਿੰਘ

ਮਿਹਨਤ, ਸਮਰਪਨ, ਆਸਥਾ ਅਤੇ ਵਿਦਵਤਾ ਦੀ ਅਜਿਹੀ ਮੂਰਤ ਕਿਹਾ ਜਿਨ੍ਹਾਂ ਦਰਜਨਾਂ ਪੁਸਤਕਾਂ ਦੀ ਰਚਨਾ ਕਰਨ ਦੇ ਨਾਲ ਨਾਲ **ਸਿੱਖ ਵਿਸ਼ਵਕੋਸ਼** ਦਾ ਨਿਰਮਾਣ ਕਰਕੇ ਸਿੱਖ ਸਾਹਿਤ 'ਚ ਇਕ ਮੀਲ-ਪੱਥਰ ਦਾ ਕੰਮ ਕੀਤਾ। ਪ੍ਰੋ. ਮਾਰਕ ਜਰਗਨਜ਼ਮੇਅਰ ਨੇ ਕਿਹਾ ਪ੍ਰੋ. ਹਰਬੰਸ ਸਿੰਘ ਅਜਿਹੇ ਵਿਨਮ੍ਰ ਇਨਸਾਨ ਸਨ ਜਿਨ੍ਹਾਂ ਆਪਣੀ ਲਗਨ ਨਾਲ ਆਪਣੇ ਨਿਸ਼ਾਨਿਆਂ ਨੂੰ ਹਾਸਲ ਕਰਦਿਆਂ 19ਵੀਂ ਸਦੀ 'ਚ ਸਿੱਖ ਇਤਿਹਾਸ ਤੇ ਵਿਚਾਰਧਾਰਾ ਨੂੰ ਵਿਸ਼ਵ ਪੱਧਰ ਤੇ ਉਜਾਗਰ ਕੀਤਾ। ਪ੍ਰੋ. ਮਾਰਕ ਸਿੱਖ ਮੱਤ ਦੀ ਤਰੱਕੀ ਨੂੰ ਤਿੰਨ ਚਰਣਾਂ 'ਚ ਵੇਖਦੇ ਹਨ ਜਿਸ ਵਿਚ ਉਹ ਪ੍ਰੋ. ਹਰਬੰਸ ਸਿੰਘ ਨੂੰ ਸਿੱਖੀ ਪ੍ਰਚਾਰ ਦੇ ਦੂਜੇ ਚਰਣ 'ਚ ਥਾਂ ਦਿੰਦੇ ਹਨ। ਉਹ ਆਪਣੇ ਆਪ ਨੂੰ ਵੱਡਭਾਗਾ ਸਮਝਦੇ ਹਨ ਜਿਨ੍ਹਾਂ ਨੂੰ ਪ੍ਰੋ. ਹਰਬੰਸ ਸਿੰਘ ਜਿਹੇ ਵਿਦਵਾਨ ਦੀ ਸੰਗਤ ਮਾਣਨ ਤੇ ਬਹੁਤ ਕੁਝ ਸਿੱਖਣ ਦਾ ਅਵਸਰ ਮਿਲਿਆ। ਅਮਰੀਕਾ ਦੀਆਂ ਯੂਨੀਵਰਸਿਟੀਆਂ 'ਚ ਸਿੱਖੀ ਗਿਆਨ ਦੇ ਪ੍ਰਸਾਰ 'ਚ ਪ੍ਰੋ. ਹਰਬੰਸ ਸਿੰਘ ਅਤੇ ਡਾ. ਨਰਿੰਦਰ ਸਿੰਘ ਕਪਾਨੀ ਦੇ ਯੋਗਦਾਨ ਦੀ ਵੀ ਉਹਨਾਂ ਸਵਿਸਤਾਰ ਚਰਚਾ ਕੀਤੀ। ਆਪਣੇ ਪ੍ਰਧਾਨਗੀ ਭਾਸ਼ਣ 'ਚ ਸ. ਤਰਲੋਚਨ ਸਿੰਘ ਨੇ ਪ੍ਰੋ. ਮਾਰਕ ਦੇ ਲੈਕਚਰ ਦੀ ਪ੍ਰਸ਼ੰਸਾ ਕਰਦਿਆਂ ਪ੍ਰੋ. ਹਰਬੰਸ ਸਿੰਘ ਦੀ ਸਾਹਿਤ-ਇਤਿਹਾਸ ਦੇ ਖੇਤਰ 'ਚ ਦੇਣ ਨੂੰ ਉਜਾਗਰ ਕੀਤਾ। ਉਨ੍ਹਾਂ ਅਨੁਸਾਰ ਪ੍ਰੋ. ਕਾਨ੍ਹ ਸਿੰਘ ਨਾਭਾ ਤੋਂ ਬਾਅਦ ਜੇਕਰ ਕਿਸੇ ਨੇ ਸਿੱਖ ਸੰਦਰਭਾਂ ਬਾਰੇ ਨਿੱਠ ਕੇ ਕੰਮ ਕੀਤਾ ਤਾਂ ਉਹ ਪ੍ਰੋ. ਹਰਬੰਸ ਸਿੰਘ ਹਨ। ਉਨ੍ਹਾਂ ਪ੍ਰੋ.ਹਰਬੰਸ ਸਿੰਘ ਦੀਆਂ ਰਚਨਾਵਾਂ -**ਸਿਟੀ ਆਫ਼ ਬਲਿਸ-ਆਨੰਦਪੁਰ**, **ਸਿੱਖ ਹੈਰੀਟੇਜ**, **ਗੁਰੂ ਗੋਬਿੰਦ ਸਿੰਘ** ਆਦਿ ਬਾਰੇ ਨਿੱਠ ਕੇ ਖੁਲਾਸਾ ਕੀਤਾ। ਅਖੀਰ 'ਚ ਡਾ. ਮਹਿੰਦਰ ਸਿੰਘ ਨੇ ਪ੍ਰੋ. ਹਰਬੰਸ ਸਿੰਘ ਬਾਰੇ ਚਰਚਾ ਨੂੰ ਅੱਜ ਦੇ ਵਿਦਿਆਥੀਆਂ ਲਈ ਮਹੱਤਵਪੂਰਨ ਦੱਸਦਿਆਂ ਵਕਤਿਆਂ 'ਤੇ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ❖